# ਬਲਿਹਾਰੀ ਕੁਦਰਤਿ ਵਸਿਆ



ਕੁਦਰਤ ਦੀ ਸੁੰਦਰਤਾ ਦੇ ਛੱਟੇ ਦੇ ਕੇ ਧਰਤੀ ਦੀ ਰੌਣਕ ਵਧਾਉਣ ਵਾਲੀਆਂ ਥਾਵਾਂ ਹੋਰ ਵੀ ਬਥੇਰੀਆਂ ਹੋਣਗੀਆਂ ਪਰ ਹੇਮਕੁੰਟ ਸਾਹਿਬ ਦੀ ਅਲੌਕਿਕ ਸੁੰਦਰਤਾ ਦੇ ਮੀਂਹ ਵਿਚ ਨਹਾ ਕੇ ਜਿਹੜੇ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ,ਉਹ ਹੋਰ ਕਿਤੇ ਨਹੀਂ ਹੈ।ਬਾਹਰਲੇ ਦੇਸ਼ਾਂ ਵਿਚ ਵੀ ਕੁਦਰਤੀ ਸੁੰਦਰਤਾ ਦੇ ਨਜ਼ਾਰੇ ਬੜੇ ਸਲਾਹੁਣ-ਯੋਗ ਮਿਲ ਜਾਂਦੇ ਹਨ।ਪਰ ਉਹ ਸਭ ਭਗਤੀ ਦੇ ਉਸ ਰੰਗ-ਰਸ ਤੋਂ ਸੱਖਣੇ ਹਨ।ਜਿਸ ਨਾਲ ਸਪਤ ਸ੍ਰਿੰਗ ਦੀ ਵਾਦੀ ਨੂੰ ਜੁਗਾਂ-ਜੁਗਾਂਤ੍ਰਾਂ ਤੋਂ ਰਿਸ਼ੀਆਂ ਮੁਨੀਆਂ ਦੀ ਤਪ ਸਾਧਨਾਂ ਨੇ ਸ਼ਿੰਗਾਰਿਆ ਹੋਇਆ ਹੈ।ਕਹਿਰਾਂ ਦੀ ਸੁੰਦਰਤਾ ਨੂੰ ਅੰਗ ਸਮਾਉਣ ਵਾਲੇ ਇਸ ਤਪੋ-ਸਥਾਨ ਨੂੰ ਅਨਹਦ ਸ਼ਬਦ ਦੀ ਗੁੰਜਾਰ ਨੇ ਗੁੰਜਾਰਿਆ ਹੋਇਆ ਹੈ।ਨਾਮ-ਰਸ ਦੀਆਂ ਕਣੀਆਂ ਵਿਚ ਭਿੱਜੀ ਹੋਈ ਸਪਤ-ਸ੍ਰਿੰਗ ਦੀ ਵਾਦੀ ਆਖਰਾਂ ਦੇ ਜਲਵੇ ਪੇਸ਼ ਕਰਦੀ ਹੈ।

ਤਪੱਸਵੀਆਂ ਦੇ ਦੇਸ਼ ਪਹੁੰਚ ਕੇ ਜਦੋਂ ਅਸੀਂ ਕਰਤਾ ਪੁਰਖ ਦੀ ਰਚਨਾਂ ਦੇ ਇਲਾਹੀ ਦ੍ਰਿਸ਼ ਦੇਖਦੇ ਹਾਂ ਤਾਂ ਰਚਨਹਾਰੇ ਦੇ ਦਰਸ਼ਨਾਂ ਲਈ ਮਨ ਲੋਚਦਾ ਹੈ।ਬਾਹਰਲੀ ਸੁੰਦਰਤਾ ਨੂੰ ਦੇਖਕੇ ਆਪਣੇ ਧੁਰ ਅੰਦਰੋਂ ਫੁੱਟਦੇ ਸੁੰਦਰਤਾ ਦੇ ਸੋਮਿਆਂ ਦੇ ਰੰਗ ਮਾਨਣ ਲਈ ਅਖੀਆਂ ਮੀਟ ਕੇ ਧਿਆਨ ਦੀਆਂ ਡੋਰਾਂ ਕੱਸਣ ਨੂੰ ਦਿਲ ਕਰਦਾ ਹੈ।

ਤਪੋ-ਭੂਮੀ ਵਿਚ ਵਿਚਰਦਿਆਂ,ਕਣ ਕਣ ਵਿਚ ਰਮੇ ਹੋਏ ਰਾਮ ਪਿਆਰੇ ਦੀ ਯਾਦ ਵਿਚ ਬ੍ਰਿਹੋਂ-ਬਾਣ ਸਹਿੰਦਾ ਦਿਲ ਉਸ ਸੋਹਣੇ ਦੀ ਸੱਚੀ ਸੁੱਚੀ ਸੁੰਦਰਤਾ ਦੇ ਵਿਸਮਾਦੀ ਰੰਗਾਂ ਵਿਚ ਸਮਾ ਜਾਣਾ ਲੋਚਦਾ ਹੈ।ਪੂਰਨ ਸ਼ਾਂਤੀ ਨੂੰ ਅੰਗ ਸਮਾਈ ਕੁਦਰਤ ਰਾਣੀ ਦੀ ਗੋਦ ਦਾ ਅਨੰਦ ਮਾਣਦਿਆਂ,ਭਗਤ-ਜਨ ਮਨ-ਮੰਦਰ ਦੇ ਦੀਵੇ ਦੀ ਲੋਅ ਵਲ ਜਾਣ ਦੇ ਰਸਤੇ ਖੋਜਣ ਲੱਗ ਪੈਂਦੇ ਹਨ।

"ਜੋ ਬ੍ਰਹਮੰਡੇ ਸੋਈ ਪਿੰਡੇ॥ ਜੋ ਖੋਜੇ ਸੋ ਪਾਵੇ॥"

ਵਿਸ਼ਾਲ ਬ੍ਰਹਮੰਡ ਦੇ ਪੰਜਾਂ ਤੱਤਾਂ ਨਾਲ ਸਾਡੇ ਪੰਜ-ਭੂਤਕ ਸਰੀਰ ਦੇ ਪੰਜ ਤੱਤ ਇਕ ਸੁਰ ਹੋ ਕੇ ਭਗਤੀ ਰਸ ਵਿਚ ਲੀਨ ਹੰਦੇ ਜਾਂਦੇ ਹਨ ਤੇ ਨਾਲ ਹੀ ਪ੍ਰਭੂ ਮਿਲਾਪ ਦੇ ਫਾਸਲੇ ਵੀ ਘਟਦੇ ਜਾਂਦੇ ਹਨ।

ਕਦੀ ਅਸੀਂ ਸਤਿਗੁਰੂ ਨੂੰ ਗੁਰੂ ਰੂਪੀ ਸਾਧ ਸੰਗਤ ਵਿਚੋਂ ਨਿਹਾਰਦੇ ਹਾਂ।ਹਰ ਪਾਸਿਓਂ ਆ ਰਹੀ ਨਾਮ ਬਾਣੀ ਦੀ ਧੁਨੀ ਪ੍ਰਭੂ-ਪ੍ਰੇਮ ਵਿਚ ਬਉਰੇ ਬਣਾ ਦਿੰਦੀ ਹੈ।ਕਿਸੇ ਨੂੰ ਆਪਣੇ ਘਰ-ਬਾਰ ਦੀ ਸੋਝੀ ਨਹੀਂ ਰਹਿੰਦੀ।ਦੁਸ਼ਟ ਦਮਨ ਦੇ ਚਰਨਾਂ ਤੋਂ ਬਲਿਹਾਰੀ ਜਾਂਦੀਆਂ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਬਾਵਲੀਆਂ ਹੋਈਆਂ "ਵਾਹਿਗੁਰੂ ਜੀ ਕਾ ਖਾਲਸਾ-ਵਾਹਿਗੁਰੂ ਜੀ ਕੀ ਫਤਹਿ" ਕਹਿ ਕੇ ਇਕ ਦੂਜੇ ਨੂੰ ਗੁਰੂ-ਸਾਂਝ ਦੀ ਅਪਣੱਤ ਜਿਤਾਉਂਦੀਆਂ ਹਨ। ਜੁੜੀਆਂ ਹੋਈਆਂ ਸੁਰਤੀਆਂ ਵਾਲੀ ਸਾਧ ਸੰਗਤ ਦਾ ਪ੍ਰੇਮ-ਖੇੜਾ ਅਤੇ ਵੈਰਾਗ ਦੇਖ ਕੇ ਸੱਚੇ ਪਾਤਿਸ਼ਾਹ ਦੇ ਪ੍ਰੇਮ-ਪਿਆਰ ਦੀਆਂ ਕਣੀਆਂ ਦੀ ਭਰਪੂਰ ਬਰਸਾਤ ਵਿਚ "ਸੂਕੇ ਕਾਸਟ ਹਰਿਆ॥" ਵਾਲੀ ਗਲ ਹੋ ਜਾਂਦੀ ਹੈ।

ਉਚੇ ਪ੍ਰਬਤਾਂ ਦੇ ਬਿੱਖੜੇ ਰਾਹਾਂ ਉਤੇ ਚਲਦਿਆਂ ਦਰਸ਼ਨ ਅਭਿਲਾਖੀਆਂ ਦਾ ਮਨ ਗੁਰੂ ਦਰਸ਼ਨਾ ਨੂੰ ਲੋਚਦਾ ਹੈ।ਅਖੀਆਂ ਗੁਰੂ-ਘਰ ਵਲ ਰੀਝਾਂ ਨਾਲ ਨਿਹਾਰਦੀਆਂ ਹਨ।ਧੁਰ ਉਪਰ ਪਹੁੰਚ ਕੇ ਜਦੋਂ ਬਾਬੇ ਨਾਨਕ ਦੀ ਨਿਰੰਕਾਰੀ ਜੋਤ ਦੀ ਜੁਗੋ ਜੁਗ ਅਟੱਲ ਗੁਰ-ਗੱਦੀ ਉਤੇ ਬਿਰਾਜਮਾਨ ਗਿਆਰਵੇਂ ਪਾਤਿਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਸੀਸ ਝੁਕਦਾ ਹੈ ਤਾਂ ਇਹ ਅੱਖੀਆਂ ਆਪਣੇ ਆਪ ਹੀ ਮੁੰਦ ਹੋ ਜਾਂਦੀਆਂ ਹਨ।ਪਤਾ ਹੀ ਨਹੀਂ ਲਗਦਾ ਕਿ ਕਿਹੜੇ ਵੇਲੇ ਗੁਰੂ-ਪ੍ਰੇਮ ਦੇ ਬੁੱਲੇ ਪਲਕਾਂ ਨੂੰ ਆਪਣੇ ਭਾਰ ਨਾਲ ਦੱਬ ਲੈਂਦੇ ਹਨ ਤੇ ਸੁਰਤੀ ਪੰਜ ਭੂਤਕ ਸਰੀਰ ਦੇ ਅਸਰਾਂ ਤੋਂ ਨਿਰਲੇਪ ਹੋ ਕੇ ਗੁਰੂ ਚਰਨਾਂ ਵਿਚ ਜੁੜ ਜਾਂਦੀ ਹੈ।ਅਰਦਾਸ ਦੇ ਕੁਝ ਪਲ ਅਸੀਂ ਅੰਤਰ ਮੁਖੀ ਹੋ ਕੇ ਬਿਤਾ ਲੈਂਦੇ ਹਾਂ।


ਇਹ ਕਿਹੇ ਦਰਸ਼ਨ..?
ਅਖੀਆਂ ਤਾਂ ਬੰਦ ਹਨ?
ਪਰ ਦਰਸ਼ਨ ਹੋ ਰਹੇ ਹਨ ।
ਸੀਨੇ ਨਾਲ ਨਿਸ਼ਾਨ ਸਾਹਿਬ ਲਗਾਈ,ਨੰਗੇ ਪੈਰੀਂ
ਔਖੀਆਂ ਘਾਟੀਆਂ ਨੂੰ ਕੀਰਤਨ ਦੀਆਂ ਗੁੰਜਾਰਾਂ ਨਾਲ ਗੁੰਜਾਉਂਦੇ ਆਏ
ਸੁੰਦਰ ਸੋਹਿਣੇ
ਦਰਸ਼ਨ ਕਰ ਰਹੇ ਹਨ
ਹਾਂ ਜੀ...! ਇਹ ਧੁਰ ਪਹੁੰਚੇ ਹੋਏ ਹਨ।



ਹੇਮਕੁੰਟ ਪਰਬਤ ਦੇ ਗਲੇ ਵਿਚ ਗਾਨੀ ਬਣ ਕੇ ਸਜੀ ਹੋਈ ਫੁੱਲਾਂ ਦੀ ਘਾਟੀ ਦੀ ਚੁੜਾਈ ਅੱਧਾ ਕੁ ਮੀਲ ਹੈ ਅਤੇ ਲੰਬਾਈ ਸੱਤ ਮੀਲ ਹੈ।ਸੁੰਦਰ ਝਰਨਿਆਂ ਨਾਲ ਸ਼ਿੰਗਾਰੀ ਹੋਈ ਘਾਟੀ ਇਲਾਹੀ-ਸੁੰਦਰਤਾ ਦਾ ਇਕ ਖਾਸ ਨਮੂੰਨਾ ਨਜਰ ਆਉਂਦੀ ਹੈ।ਸੁੰਦਰ,ਸੁਗੰਧਿਤ ਅਤੇ ਸ਼ੋਖ ਅਦਾਵਾਂ ਵਾਲੇ ਫੁੱਲਾਂ ਦੇ ਰੰਗਾਂ ਤੇ ਸੁਗੰਧੀਆਂ ਦੀ ਛਹਿਬਰ ਵਿਚ ਨਹਾ ਕੇ ਗੁਰੂ-ਦਰਸ਼ਨ ਰੂਪੀ ਸੁਆਂਤ ਬੂੰਦ ਲਈ ਪਿਆਸੇ ਚਾਤ੍ਰਿਕ-ਮਨ ਦੀ ਪੁਕਾਰ ਹੋਰ ਵੀ ਸੁਰੀਲੀ ਹੋ ਜਾਂਦੀ ਹੈ।ਤਿੱਖੀ ਹੋ ਜਾਂਦੀ ਹੈ।







ਗੋਬਿੰਦ ਧਾਮ ਤੋਂ ਹੇਮਕੁੰਟ ਸਾਹਿਬ ਨੂੰ ਜਾਂਦਿਆਂ ਸ਼ੁਰੂ ਵਿਚ ਹੀ ਨਦੀ ਦਾ ਪੁਲ ਪਾਰ ਕਰਕੇ ਖੱਬੇ ਪਾਸੇ ਇਕ ਰਸਤਾ ਫੁਲਾਂ ਦੀ ਘਾਟੀ ਨੂੰ ਜਾਂਦਾ ਹੈ।ਦੂਜੇ ਪਾਸੇ ਸਾਹਮਣੇ ਇਕ ਬਹੁਤ ਵੱਡਾ ਝਰਨਾ ਪਹਾੜ ਦੀ ਸਿਖਰ ਤੋਂ ਹੇਠਾਂ ਡਿਗਦਾ ਹੋਇਆ ਹਰ ਇਕ ਦਾ ਧਿਆਨ ਆਪਣੀ ਵਲ ਖਿੱਚਦਾ ਹੋਇਆ ਕੁਦਰਤ ਦਾ ਕੋਈ ਨਾ ਕੋਈ ਸੁਨੇਹਾ ਕੰਨੀ ਪਾਉਂਦਾ ਹੈ।ਕਿਸੇ ਦੇ ਦਿਲ ਦੀਆਂ ਤਾਰਾਂ ਉਤੇ ਨਾਮ ਸਿਮਰਨ ਦੀ ਝੁਨਕਾਰ ਹੋਣ ਲਗ ਪੈਂਦੀ ਹੈ ਤੇ ਕੋਈ ਸੰਤਾਂ ਕਵੀਆਂ ਦੀਆਂ ਲਿਖਤਾਂ ਨਾਲ ਜੁੜ ਕੇ ਉਚੇ ਸੁੱਚੇ ਵਲਵਲਿਆਂ ਦੀਆਂ ਉਡਾਰੀਆਂ ਮਾਰਨ ਲਗ ਪੈਂਦਾ ਹੈ।

ਇਕ ਵਾਰੀ ਸਵੇਰੇ ਸਵੇਰੇ ਸੰਗਤਾਂ ਹੇਮ ਕੁੰਟ ਸਾਹਿਬ ਜੀ ਦੇ ਦਰਸ਼ਨਾਂ ਲਈ ਜਾ ਰਹੀਆਂ ਸਨ।ਗੁਰਸਿੱਖ ਪਿਆਰੇ ਬੀਬੀ ਗੁਰਦੀਪ ਕੌਰ ਜੀ ਜਾਂਦੇ ਜਾਂਦੇ ਰਸਤੇ ਤੋਂ ਥੋੜ੍ਹਾ ਪਰ੍ਹੇ ਹੋ ਕੇ ਖੜ੍ਹੇ ਝਰਨੇ ਵਲ ਟਿਕ-ਟਿਕੀ ਲਗਾਈ ਖੜ੍ਹੇ ਨੈਣੋਂ ਨੀਰ ਦੀਆਂ ਧਾਰਾਂ ਵਗਾਉਂਦੇ ਹੋਏ ਸੁੰਦਰ ਝਰਨੇ ਦੇ ਰਚਨਹਾਰੇ ਦੇ ਚਰਨਾਂ ਵਿਚ ਜੋਦੜੀ ਕਰਦੇ ਹੋਏ ਪ੍ਰੇਮ-ਵੈਰਾਗ ਦੇ ਹੰਝੂਆਂ ਦਾ ਦਾਨ ਮੰਗੀ ਜਾ ਰਹੇ ਸਨ।ਝਰਨੇ ਵਾਂਗੂੰ ਹੀ ਲਗਾਤਾਰ ਜ਼ਿੰਦਗੀ ਦੇ ਆਖਰੀ ਸਾਹਾਂ ਤਕ ਕਰਤਾ ਪੁਰਖ ਦੀ ਯਾਦ ਵਿਚ ਅਖੀਆਂ ਰਾਹੀਂ ਵਹਿ ਜਾਣ ਲਈ ਬੇਨਤੀ ਕਰਦੇ ਹੋਏ ਭਾਈ ਵੀਰ ਸਿੰਘ ਜੀ ਦੀ ਕਵਿਤਾ ਗੁਣ-ਗੁਣਾ ਕਰ ਰਹੇ ਸਨ।

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ । ਉਹ ਕਰ ਅਰਾਮ ਨਹੀਂ ਬਹਿੰਦੇ।

ਨੇਹੁ ਵਾਲੇ ਨੈਣਾਂ ਕੀ ਨੀਂਦਰ? ਉਹ ਦਿਨੇ ਰਾਤ ਪਏ ਵਹਿੰਦੇ।

ਉਚਿਆਂ ਪਹਾੜਾਂ ਦੀ ਗੋਦ ਵਿਚ ਦਿਨ ਰਾਤ ਵਹਿੰਦੇ ਰਹਿਣ ਵਾਲੇ ਝਰਨੇ ਕੁਦਰਤ ਦੇ ਸੁਹੱਪਣ ਦੀ ਦੁਹਾਈ ਪਾਉਂਦੇ ਹੋਏ ਸਾਡੇ ਸਾਹਾਂ ਨੂੰ ਸਿਮਰਨ ਰੂਪੀ ਝਰਨੇ ਬਣ ਜਾਣ ਦਾ ਸੁਨੇਹਾ ਦਿੰਦੇ ਹਨ।ਜੇ ਕਿਧਰੇ ਕੁਝ ਪਲ ਇਨ੍ਹਾਂ ਦੇ ਕੋਲ ਖੜ ਕੇ ਇਨ੍ਹਾਂ ਦੀ ਸੰਗਤ ਵਿਚ ਆਪਣੇ ਸਾਹਾਂ ਦੇ ਵਾਜੇ ਉਤੇ ਸਿਮਰਨ ਦੀਆਂ ਟੁਣਕਾਰਾਂ ਮਾਰਨ ਦਾ ਲਾਹਾ ਲੈ ਲਈਏ ਤਾਂ ਇਹ ਸਾਡੀ ਸੁਰਤੀ ਦੀਆਂ ਡੋਰਾਂ ਖਿੱਚ ਕੇ ਉਚੀਆਂ ਉੜਾਨਾਂ ਮਾਰਨ ਵਿਚ ਬੜੇ ਸਹਾਈ ਹੁੰਦੇ ਹਨ।


ਸੋਹਣਿਆਂ ਵਲ ਇਕ ਝਾਤ ਮਾਰ ਕੇ ਅੱਗੇ ਤੁਰ ਜਾਣ ਵਿਚ ਅਤੇ ਇਹਨਾਂ ਸੋਹਣਿਆਂ ਦੀ ਸੰਗਤ ਵਿਚ ਅਰਾਮ ਨਾਲ ਬੈਠ ਕੇ ਉਨ੍ਹਾਂ ਨਾਲ ਰੱਜ ਰੱਜ ਗੱਲਾਂ ਕਰਨ ਦੇ ਅਨੰਦ ਵਿਚ ਬੜਾ ਅੰਤਰ ਹੁੰਦਾ ਹੈ।ਪਰ ਉਹ ਵਿਰਲੇ ਹੀ ਹੁੰਦੇ ਹਨ ਜਿਹੜੇ ਇਨ੍ਹਾਂ ਦੇ ਕੋਲ ਜਾ ਕੇ ਖੜ੍ਹਦੇ ਹਨ ਤੇ ਇਨ੍ਹਾਂ ਦੇ ਪਾਣੀ ਦੀ ਭੂਰ ਵਿਚ ਭਿੱਜਦੇ ਹੋਏ ਇਨ੍ਹਾਂ ਕੋਲੋਂ ਇਨ੍ਹਾਂ ਦੇ ਘੜ੍ਹਨ-ਹਾਰੇ ਦਾ ਅਤਾ ਪਤਾ ਪੁੱਛ ਕੇ ਇਨ੍ਹਾਂ ਨਾਲ ਆਪਣਾ ਭਗਤੀ ਦਾ ਰਿਸ਼ਤਾ ਗੰਢਦੇ ਹੋਏ ਸਿਮਰਨ ਦੀ ਸਾਂਝ ਕਰਦੇ ਹਨ।



ਤਪ-ਸਾਧਨਾ ਦੇ ਰੰਗਾਂ ਵਿਚ ਰੰਗੀ ਹੋਈ ਸਪਤ-ਸ੍ਰਿੰਗ ਦੀ ਵਾਦੀ ਵਿਚ ਕਈ ਥਾਵਾਂ ਉਤੇ ਬਹੁਤ ਉਚੇਰੇ ਪਰਬਤਾਂ ਦੀਆਂ ਟੀਸੀਆਂ ਤੋਂ ਚਾਂਦੀ ਰੰਗੇ ਪਾਣੀ ਦੇ ਝਰਨਿਆਂ ਦੀਆਂ ਲੜੀਆਂ ਸਿੱਧੀਆਂ ਸਪਾਟ ਧੁਰ ਨੀਚੇ ਡਿਗਦੀਆਂ ਹੋਈਆਂ ਦਿਲਾਂ ਨੂੰ ਧੂਅ ਪਉਂਦੀਆਂ ਹਨ।ਉਚਿਆਂ ਪਹਾੜਾਂ ਦੇ ਸਿਖਰਾਂ ਤੋਂ ਨਦੀ ਦੀ ਸਤ੍ਹਾ ਤੱਕ ਛਾਲਾਂ ਮਾਰਦੇ ਝਰਨੇ ਰਸਤੇ ਵਿਚ ਜੇ ਕਿਧਰੇ ਵੱਡੇ ਪੱਥਰ ਨਾਲ ਟਕਰਾਉਂਦੇ ਵੀ ਹਨ ਤਾਂ ਉਨ੍ਹਾਂ ਦਾ ਟਕਰਾਉਣਾ ਹੋਰ ਵੀ ਅੱਤਿ ਦੀ ਸੁੰਦਰਤਾ ਨੂੰ ਜਨਮ ਦਿੰਦਾ ਹੈ।



ਚੜ੍ਹਦੇ ਸੂਰਜ ਦੀਆਂ ਪਹਿਲ-ਰੁਪਹਿਲੀਆਂ ਕਿਰਨਾਂ ਵਿਚ ਨੀਲ ਕੰਠ ਪਰਬਤ ਦਾ ਸੁਨਹਿਰੀ ਨਜਾਰਾ ਮਾਨਣ ਲਈ ਨਜਰਾਂ ਨੀਲ ਕੰਠ ਉਤੇ ਟਿਕ ਜਾਂਦੀਆਂ ਹਨ।ਜਿਉਂ ਹੀ ਸੂਰਜ ਦੀਆਂ ਪਹਿਲੀਆਂ ਕਿਰਨਾਂ ਨੀਲ ਕੰਠ ਉਤੇ ਪੈਂਦੀਆਂ ਹਨ ਤਾਂ ਉਸਦੀ ਤਿੱਖੀ ਚੋਟੀ ਦੇ ਸਿਖਰ ਉਤੇ ਸੁਨਹਿਰੇ ਦਾ ਲੇਪ ਹੋਣਾ ਸ਼ੁਰੂ ਹੋ ਜਾਂਦਾ ਹੈ।ਜਿਉਂ ਜਿਉਂ ਸੂਰਜ ਉਪਰ ਉਠਦਾ ਹੈ,ਸੁਨਹਿਰਾ ਥੱਲੇ ਵਲ ਆਉਣਾ ਸ਼ੁਰੂ ਹੋ ਜਾਂਦਾ ਹੈ।ਦੇਖਦਿਆਂ ਦੇਖਦਿਆਂ ਸਾਰੀ ਚੋਟੀ ਸੁਨਹਿਰੇ ਨਾਲ ਭਰ ਜਾਂਦੀ ਹੈ।ਝਰਨਿਆਂ ਦਾ ਚਾਂਦੀ ਰੰਗਾ ਪਾਣੀ ਸੁਨਹਿਰੀ ਪ੍ਰਛਾਵੇਂ ਨਾਲ ਸੁਨਹਿਰੀ ਭਾਅ ਮਾਰਨ ਲਗ ਪੈਂਦਾ ਹੈ।ਨੀਲ ਕੰਠ ਦਾ ਰੰਗ ਅੱਗ ਦੀ ਲਾਟ ਵਰਗਾ ਹੋ ਜਾਂਦਾ ਹੈ।ਇਸਦੀ ਬਰਫ ਪੱਥਰ ਪਾਣੀ ਸੱਭ ਕੁਝ ਸੋਨੇ ਦੇ ਰੰਗ ਵਿਚ ਰੰਗੇ ਜਾਂਦੇ ਹਨ।ਚੜ੍ਹਦੇ ਸੂਰਜ ਦੀ ਲਿਸ਼ਕੋਰ ਨਾਲ ਚਾਂਦੀ ਰੰਗੀਆਂ ਸੈਂਕੜੇ ਬਰਫੀਲੀਆਂ ਚੋਟੀਆਂ ਵਿਚਕਾਰ ਨੀਲ ਕੰਠ ਸੁਨਹਿਰੀ ਫੁਲ ਬਣ ਕੇ ਖਿੜਿਆ ਦਿਖਾਈ ਦਿੰਦਾ ਹੈ।ਇਸ ਦੀ ਵਿਲੱਖਣਤਾ ਇਸ ਦੇ ਸੁਨਹਿਰੇ-ਪਨ ਵਿਚ ਹੀ ਹੈ।ਜਿਉਂ ਜਿਉਂ ਸੂਰਜ ਉਪਰ ਆਉਂਣ ਲਗਦਾ ਹੈ,ਸੁਨਹਿਰਾ ਘਟਣਾ ਸ਼ੁਰੂ ਹੋ ਜਾਂਦਾ ਹੈ।ਇਸਦਾ ਰੰਗ ਫਿੱਕਾ ਹੋ ਕੇ ਚਮਕਦੇ ਪਿੱਤਲ ਵਾਂਗੂੰ ਲੱਗਣ ਲੱਗ ਪੈਂਦਾ ਹੈ ਤੇ ਫਿਰ ਘਟਦਾ ਘਟਦਾ ਬਿਲਕੁਲ ਖਤਮ ਹੋ ਜਾਂਦਾ ਹੈ।ਨੀਲ ਕੰਠ ਆਮ ਪਰਬਤਾਂ ਦੇ ਰੰਗ ਵਿਚ ਰੰਗਿਆ ਜਾਂਦਾ ਹੈ।



**ਜਿਵੇਂ ਭਗਤ-ਜਨ ਆਪਣੇ ਦਿਨ ਦੀ ਸ਼ੁਰੂਆਤ ਅੰਮ੍ਰਿਤ ਵੇਲੇ ਦੇ ਨਿੱਤ ਨੇਮ ਦੀਆਂ ਬਾਣੀਆਂ ਅਤੇ ਸਿਮਰਨ ਨਾਲ ਸ਼ੁਰੂ ਕਰਦੇ ਹਨ।ਇਸੇ ਤਰ੍ਹਾਂ ਹੀ ਸਪਤ-ਸ੍ਰਿੰਗ ਦੀ ਵਾਦੀ ਦੇ ਅਲੌਕਿਕ ਨਜਾਰਿਆਂ ਦਾ ਅੰਮ੍ਰਿਤ ਵੇਲਾ ਵੀ ਨੀਲ ਕੰਠ ਦੀ ਸੁਨਹਿਰੀ-ਨੂਰਾਨੀ ਰੌਸ਼ਨੀ ਦਾ ਰੂਪ ਧਾਰ ਕੇ ਪ੍ਰਗਟ ਹੁੰਦਾ ਹੈ।**




ਇਕਾਂਤ ਦੇ ਨਜਾਰਿਆਂ ਵਿਚ ਪ੍ਰਭੂ-ਪ੍ਰੇਮ ਦੀਆਂ ਪੀਂਘਾਂ ਝੂਟਣ ਲਈ ਆਪਣੇ ਖੇਤਾਂ ਵਿਚ ਪਾਈ ਹੋਈ ਭਾਈ ਜੀਤ ਸਿੰਘ ਜੀ ਦੀ ਕੁਟੀਆ ਨਾਮ-ਰਸੀਆਂ ਲਈ ਇਲਾਹੀ ਬੇਗਮਪੁਰਾ ਹੀ ਸੀ ਜਿਥੇ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਵਾਲੇ ਰੰਗਲੇ ਸੱਜਣ ਰੰਗ ਮਾਨਣ ਲਈ ਜਾਇਆ ਕਰਦੇ ਸੀ।

੨੦੦੬ ਵਿਚ ਭਾਈ ਸਾਹਿਬ ਦੀ ਅਗਵਾਈ ਹੇਠ ਦਰਸ਼ਨ ਅਭਿਲਾਖੀਆਂ ਦਾ ਇਕ ਜਥਾ ਹੇਮ ਕੁੰਟ ਸਾਹਿਬ ਦੀ ਯਾਤਰਾ ਲਈ ਗਿਆ।ਜਾਣ ਤੋਂ ਪਹਿਲਾਂ ਉਸ ਜੁੜੀ ਹੋਈ ਸੁਰਤੀ ਵਾਲੇ ਗੁਰੂ ਪਿਆਰੇ ਨੇ ਸੰਗਤ ਨੂੰ ਇਕ ਥਾਂ ਇਕੱਠਿਆਂ ਕੀਤਾ।ਗੁਰੂ ਜੀ ਦੇ ਚਰਨ-ਕੰਵਲਾਂ ਦਾ ਭੰਵਰਾ ਬਣ ਕੇ,ਪ੍ਰੇਮ-ਹੰਝੂਆਂ ਦੀਆਂ ਧਾਰਾਂ ਵਹਾਉਂਦਿਆਂ ਨੇ ਯਾਤਰਾ ਅਰੰਭ ਹੋਣ ਦੀ ਅਰਦਾਸ ਕੀਤੀ ਤੇ ਫਿਰ ਸਾਰੇ ਜਥੇ ਨੂੰ ਹੇਮ ਕੁੰਟ ਸਾਹਿਬ ਦੀ ਯਾਤਰਾ ਦੌਰਾਨ ਵਾਪਰਨ ਵਾਲੀਆਂ ਅਲੌਕਿਕ ਘਟਨਾਵਾਂ ਦੀਆਂ ਗੋਹਜ ਭਰੀਆਂ ਰਮਜਾਂ ਸਮਝਾਈਆਂ ਤੇ ਨਾਲ ਹੀ ਯਾਤਰਾ ਦਾ ਪੂਰਾ ਲਾਹਾ ਲੈਣ ਲਈ ਕੁਝ ਖਾਸ ਹਦਾਇਤਾਂ ਵੀ

ਦਿੱਤੀਆਂ। ਜਿਵੇਂ ਕਿ ਰਸਤੇ ਵਿਚ ਫਜ਼ੂਲ ਦੀਆਂ ਗੱਲਾਂ ਨਹੀਂ ਕਰਨੀਆਂ,ਮਨ ਨੂੰ ਸਿਮਰਨ ਤੇ ਕੀਰਤਨ ਵਿਚ ਜੋੜੀ ਰੱਖਣਾ,ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਸਮੇ ਕੇਸੀਂ ਇਸ਼ਨਾਨ ਕਰਨਾ,ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਸਮੇ ਮਨ-ਚਿੱਤ ਇਕਾਗਰ ਕਰਕੇ ਵੱਧ ਤੋਂ ਵੱਧ ਬਾਣੀ ਪੜ੍ਹਨੀ ਜਾਂ ਸਿਮਰਨ ਕਰਨਾ ਤੇ ਯਾਤਰਾ ਸਮਾਪਤ ਹੋਣ ਪਿਛੋਂ ਜਿਸ ਥਾਂ ਉਤੇ ਸਾਰੀ ਸੰਗਤ ਨੇ ਇਕੱਠਿਆਂ ਹੋ ਕੇ ਅਰਦਾਸ ਕਰਕੇ ਯਾਤਰਾ ਅਰੰਭ ਕੀਤੀ ਸੀ ਉਸੇ ਥਾਂ ਉਤੇ ਵਾਪਿਸ ਪਹੁੰਚ ਕੇ ਯਾਤਰਾ ਦੀ ਸਮਾਪਤੀ ਦੀ ਅਰਦਾਸ ਕਰਕੇ ਦੇਗ ਛਕਣ ਉਪਰੰਤ ਆਪੋ ਆਪਣੇ ਘਰਾਂ ਨੂੰ ਪਰਤਣਾਂ ਆਦਿ..।



ਗੁਰੂ ਦੀ ਕਿਰਪਾ ਨਾਲ ਰੰਗੀਆਂ ਰੂਹਾਂ ਵਾਲੇ ਇਸ ਜਥੇ ਦੀਆਂ ਬੀਬੀਆਂ ਅਤੇ ਸਿੰਘਾਂ ਨੇ ਨਿਯਮਾਂ ਦੀ ਪਾਲਣਾ ਸ਼ਰਧਾ ਭਾਵਨਾ ਨਾਲ ਕੀਤੀ।ਪ੍ਰੀਮ-ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੇਮ-ਵੈਰਾਗ ਨਾਲ ਭਰੇ ਹੋਏ ਦਿਲਾਂ ਨਾਲ ਯਾਤਰਾ ਅਰੰਭ ਕੀਤੀ।ਬੱਸ ਦੇ ਸਫਰ ਵਿਚ ਦਰਸ਼ਨ ਪਿਆਸ ਦੇ ਸ਼ਬਦਾਂ ਦੇ ਕੀਰਤਨ ਦੀ ਲੜੀ ਚਲਦੀ ਰਹੀ। ਸਿਮਰਨ ਤੇ ਸੇਵਾ ਨੇ ਗੂੜ੍ਹੇ ਰੰਗ ਲਾਈ ਰੱਖੇ।ਨਾਮ-ਖੁਮਾਰੀ ਵਿਚ ਮਸਤ ਹੋ ਕੇ ਗੋਬਿੰਦ ਧਾਮ ਪਹੁੰਚੇ।ਅਗਲੇ ਦਿਨ ਨੰਗੇ ਪੈਰੀਂ,ਖਾਲਸਾ ਪੰਥ ਦਾ ਨਿਸ਼ਾਨ ਸਾਹਿਬ ਹੱਥਾਂ ਵਿਚ ਫੜ ਕੇ ਅਖੰਡ ਕੀਰਤਨ ਦੀਆਂ ਡੋਰਾਂ ਵਿਚ ਬੱਝੇ ਹੋਏ ਗੋਬਿੰਦ ਧਾਮ ਤੋਂ ਧੁਰ ਹੇਮ ਕੁੰਟ ਸਾਹਿਬ ਲਈ ਰਵਾਨਾ ਹੋਏ।ਰੂਹਾਨੀ ਮੰਜਿਲਾਂ ਤਹਿ ਕਰਨ ਵਾਲਿਆਂ ਨੂੰ ਇਲਾਹੀ ਬਾਣੀ ਦੇ ਖੇੜਿਆਂ ਅਤੇ ਖੁਸ਼ੀਆਂ ਨੇ ਇਸ ਤਰ੍ਹਾਂ ਸਿੰਜੀ ਰੱਖਿਆ ਕਿ ਸਰੀਰਕ ਥਕਾਵਟ ਦਾ ਕੋਈ ਅਸਰ ਹੀ ਨਾ ਹੋਇਆ।ਕੁਦਰਤ ਦੇ ਸੁੰਦਰ ਨਜਾਰਿਆਂ ਵਿਚੋਂ ਸਿਰਨਣਹਾਰੇ ਦੀ ਸੁੰਦ੍ਰਤਾ ਦੇ ਵਿਸਮਾਦੀ ਰੰਗਾਂ ਨਾਲ ਇਕ ਸੁਰ ਹੋਏ ਉਹ ਵਿਸਮਾਦ-ਰੂਪ ਹੀ ਹੋਈ ਜਾਣ। ਕਣ ਕਣ ਵਿਚ ਰਮੇ ਹੋਏ ਰਾਮ ਪਿਆਰੇ ਦੀ ਹੋਂਦ ਨੂੰ ਕੀਰਤਨ ਦੀਆਂ ਗੁੰਜਾਰਾਂ ਦੇ ਝਰੋਖੇ ਥਾਣੀ ਨਿਹਾਰਦੇ ਹੋਏ ਉਹ ਆਪਣੇ ਪਿਆਰੇ ਦੇ ਸੋਹਲੇ ਅਲਾਪਦੇ ਨੰਗੇ ਪੈਰੀਂ ਤਿੱਖੀਆਂ ਚੜ੍ਹਾਈਆਂ ਚੜ੍ਹਦੇ ਗਏ।ਅਜਿਹੇ ਸ਼ਰਧਾਲੂਆਂ ਦੀ ਨੰਗੇ ਪੈਰਾਂ ਦੀ ਪੈੜ ਨੂੰ ਦੇਖਕੇ ਆਪ-ਮੁਹਾਰੇ ਦਿਲ ਕਹਿ ਉਠਦਾ ਹੈ "ਧੂੜੀ ਵਿਚਿ ਲੁਡੰਦੜੀ ਸੋਹਾਂ"



ਨਾਮ-ਖੁਮਾਰੀ ਦੀ ਮਸਤੀ ਵਿਚ ਝੂੰਮਣ ਵਾਲਿਆਂ ਦੇ ਸਿਮਰਨ ਦੀਆਂ ਘੂੰਮਰਾਂ ਅਤੇ ਕੀਰਤਨ ਦੀਆਂ ਗੁੰਜਾਰਾਂ ਨਾਲ ਅੰਬਰ ਨੂਰੋ ਨੂਰ ਹੋ ਜਾਂਦਾ ਹੈ।ਬਾਣੀ ਤੇ ਬਾਣੇ ਦੇ ਧਾਰਣੀ ਖਾਲਸੇ ਸੋਹਣੇ ਲਗਦੇ ਹਨ।ਦਸ਼ਮੇਸ਼ ਪਿਤਾ ਦੇ ਪਿਆਰ ਵਿਚ ਭਿੱਜੇ ਹੋਏ,ਉਚਿਆਂ ਦੁਮਾਲਿਆਂ ਵਾਲੇ ਜਦੋਂ ਹੇਮ ਕੁੰਟ ਪ੍ਰਬਤਾਂ ਦੀਆਂ ਚੜ੍ਹਾਈਆਂ ਚੜ੍ਹਦੇ ਹੋਏ ਆਪਣੇ ਬਾਪੂ ਦੇ ਪੂਰਬਲੇ ਜਨਮ ਦੀ ਤਪ ਸਾਧਨਾ ਦੀ ਸੁਗੰਧੀ ਦੇ ਰੰਗ ਮਾਣਦੇ ਹਨ ਤਾਂ ਅਨਹਦੀ ਵਿਸਮਾਦ ਦੇ ਸੁਨੇਹੇ ਦਿੰਦੀਆਂ ਲਹਿਰਾਂ ਨਾਲ ਅੰਬਰ ਸਜ ਜਾਂਦਾ ਹੈ।

ਇਸ ਜਥੇ ਦੇ ਸਿੰਘਾਂ ਅਤੇ ਬੀਬੀਆਂ ਨੇ ਬੜੀ ਭਗਤੀ ਭਾਵਨਾ ਨਾਲ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦਿਆਂ ਇਲਾਹੀ ਬਾਣੀ ਦਾ ਪਾਠ ਕੀਤਾ ਅਤੇ ਗੁਰੂ ਚਰਨਾ ਨਾਲ ਲਿਪਟ ਕੇ ਅਰਦਾਸ ਕਰਨ ਪਿਛੋਂ ਅੰਮ੍ਰਿਤ ਸਰੋਵਰ ਵਿਚੋਂ ਬਾਹਰ ਨਿਕਲੇ।



ਇਲਾਹੀ ਮੰਡਲਾਂ ਦੇ ਵਾਸੀਆਂ ਨੂੰ ਅਣ-ਦਿਸਦੀ ਦੁਨੀਆਂ ਦੇ ਅਨੰਦ-ਮਈ ਖੇੜਿਆਂ ਦੇ ਕਈ ਅਨੁਭਵ ਹੋਏ। ਧੁਰ ਦਰਗਾਹੋਂ ਬਖਸ਼ਿਆਂ ਹੋਇਆਂ ਨੂੰ ਦਾਤਾਰ ਪਿਤਾ ਨੇ ਇਲਾਹੀ ਬਖਸ਼ਿਸ਼ਾ ਨਾਲ ਮਾਲੋ ਮਾਲ ਕਰ ਦਿੱਤਾ। ਤਪ ਸਥਾਨ ਦੀ ਚੁੰਬਕੀ ਛੋਹ ਅਤੇ ਗੁਰੂ ਪ੍ਰੇਮ ਦੀ ਸਿੱਕ ਨੇ ਕੀਲ ਕੇ ਬਿਠਾਈ ਰੱਖਿਆ। ਕਿਸੇ ਦਾ ਵੀ ਵਾਪਿਸ ਜਾਣ ਨੂੰ ਦਿਲ ਨਾ ਕਰੇ। ਦਿਨ ਢਲ ਗਿਆ। ਸਾਰੀ ਸੰਗਤ ਵਾਪਿਸ ਮੁੜ ਗਈ। ਰੈਣ ਸਬਾਈ ਕੀਰਤਨਾਂ ਦੇ ਅਖਾੜਿਆਂ ਦਾ ਅਨੰਦ ਮਾਨਣ ਵਾਲਿਆਂ ਦੇ ਦਿਲਾਂ ਵਿਚ ਮਹਾਂ ਤਪੱਸਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਰੈਣ ਸਬਾਈ ਕੀਰਤਨ ਕਰਨ ਦੀ ਰੀਝ ਸੀ। ਪਰ ਸੇਵਾਦਾਰਾਂ ਨੇ ਵਾਪਿਸ ਜਾਣ ਲਈ ਮਜਬੂਰ ਕਰ ਦਿੱਤਾ।

ਗੋਬਿੰਦ ਧਾਮ ਜਾਣ ਲਈ ਵਾਪਿਸ ਮੁੜੇ ਹੀ ਸੀ ਕਿ ਬਾਰਸ਼ ਸ਼ੁਰੂ ਹੋ ਗਈ। ਜਿਉਂ ਜਿਉਂ ਬਾਰਸ਼ ਹੋਵੇ ਤਿਉਂ ਤਿਉਂ ਰੰਗ ਰੱਤਿਆਂ ਦੇ ਦਿਲਾਂ ਦੀ ਕੂਕ ਪੁਕਾਰ ਤਿੱਖੀ ਹੋ ਕੇ ਕੀਰਤਨ ਦੀਆਂ ਗੁੰਜਾਰਾਂ ਦਾ ਰੰਗ ਬੰਨ੍ਹੀ ਜਾਵੇ। ਉਪਰੋਂ ਰਾਤ ਦਾ ਹਨੇਰਾ ਛਾਈ ਜਾਵੇ। ਹੇਮ ਕੁੰਟ ਸਾਹਿਬ ਤੋਂ ਬਹੁਤ ਥੋੜੀ ਦੂਰ ਜਾ ਕੇ ਉਹ ਇਕ ਢਾਬੇ ਵਿਚ ਬੈਠ ਗਏ। ਸਭਨਾਂ ਦੇ ਕੱਪੜੇ ਬਾਰਸ਼ ਨਾਲ ਭਿੱਜੇ ਹੋਏ ਸਨ। ਢਾਬੇ ਵਾਲੇ ਨੇ ਅੱਗ ਬਾਲ ਦਿੱਤੀ। ਸਾਰੇ ਅੱਗ ਦੇ ਦੁਆਲੇ ਬੈਠੇ ਬਿਨਾ ਵਾਜੇ ਅਤੇ ਤਬਲੇ ਤੋਂ ਹੀ ਕੀਰਤਨ ਧੁਨੀਆਂ ਅਲਾਪਦੇ ਹੋਏ ਸਿਰਜਣਹਾਰੇ ਦੇ ਬ੍ਰਹਮੰਡੀ-ਮੰਡਲਾਂ ਵਿਚ ਜਾ ਪਹੁੰਚੇ। ਜੰਗਲ ਵਿਚ ਮੰਗਲ ਹੋ ਗਿਆ। ਉਸ ਢਾਬੇ ਵਿਚ ਰੈਣ ਸਬਾਈ ਕੀਰਤਨ ਨੇ 'ਸਾਧ ਸੰਗਤ ਅਸਥਾਨ ਜਗ ਮਗ ਨੂਰ ਹੈ' ਦੇ ਪ੍ਰਤੱਖ ਨਜਾਰੇ ਦਿਖਾ ਦਿੱਤੇ।

ਅੰਮ੍ਰਿਤ ਵੇਲਾ ਹੋਣ ਵਾਲਾ ਸੀ ਮੌਸਮ ਸਾਫ ਸੁਥਰਾ ਹੋ ਗਿਆ। ਇਕ ਸਿੰਘ ਢਾਬੇ ਵਿਚੋਂ ਨਿਕਲ ਕੇ ਬਾਹਰ ਗਿਆ ਤਾਂ ਕੀ ਦੇਖਦਾ ਹੈ ਕਿ ਨੀਲ ਕੰਠ ਪ੍ਰਬਤ ਇਕ ਅਜਬ ਨਜਾਰੇ ਨਾਲ ਨੂਰੋ ਨੂਰ ਹੋਇਆ ਪਿਆ ਹੈ। ਇਸ ਅਲੌਕਿਕ ਨਜਾਰੇ ਦੀ ਝਲਕ ਨਾਲ ਉਸਦਾ ਤਨ ਮਨ ਖਿੜ ਗਿਆ। "ਤਨ ਮਨ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰ॥" ਵਾਲੀ ਗੱਲ ਹੋ ਗਈ। ਰਾਤ ਦੇ ਹਨੇਰੇ ਵਿਚ ਇਕ ਅਸਚਰਜ ਜਨਕ ਤ੍ਰੀਕੇ ਨਾਲ ਨੀਲ ਕੰਠ ਵਿਚੋਂ ਇਲਾਹੀ ਜੋਤ ਪ੍ਰਗਟ ਹੋ ਕੇ ਹਰ ਪਾਸੇ ਜੋਤ ਦੀਆਂ ਕਿਰਨਾ ਬਰਸਾ ਰਹੀ ਸੀ। ਸੂਰਜ ਚੜ੍ਹਨ ਵਿਚ ਤਾਂ ਹਾਲੇ ਬੜੀ ਦੇਰ ਸੀ ਪਰ ਨੀਲ ਕੰਠ ਸੂਰਜ ਕਿਰਨਾ ਨਾਲ ਨਹੀਂ,ਸਗੋਂ 'ਜਗ ਮਗ ਨੂਰ ਹੈ' ਦੀ ਠੰਡੀ ਮਿੱਠੀ ਨੂਰਾਨੀ ਬਰਸਾਤ ਨਾਲ ਰੰਗਿਆ ਹੋਇਆ ਸੀ..। ਨਾਮ-ਰਸ ਦੀ ਵਾਛੜ ਨਾਲ ਭਿੱਜ ਕੇ ਗੜੁੱਚ ਹੋਇਆ ਪਿਆ ਸੀ। ਇਲਾਹੀ ਪ੍ਰਕਾਸ਼ ਨਾਲ ਜਗਮਗਾ ਰਿਹਾ ਸੀ। ਇਓਂ ਲੱਗ ਰਿਹਾ ਸੀ ਜਿਵੇਂ ਨੀਲ ਕੰਠ ਦੀ ਚੋਟੀ ਵਿਚੋਂ ਇਲਾਹੀ ਪ੍ਰਕਾਸ਼ ਦੀ ਜੋਤ ਫੁੱਟ ਫੁੱਟ ਕੇ ਨਿਕਲ ਰਹੀ ਹੈ। ਜਿਸ ਦੇ ਪ੍ਰਕਾਸ਼ ਨਾਲ ਹਰ ਪਾਸੇ ਚਾਨਣ ਹੀ ਚਾਨਣ ਹੋਇਆ ਪਿਆ ਸੀ। ਜਿਵੇਂ ਦਿਨ ਵਿਚ ਸਭ ਕੁਝ ਦਿਖਾਈ ਦਿੰਦਾ ਹੈ ਉਸੇ ਤਰ੍ਹਾਂ ਹੀ ਨੀਲ ਕੰਠ ਦੀ ਜੋਤ ਦੇ ਪ੍ਰਕਾਸ਼ ਵਿਚ ਵੀ ਸਭ ਪਾਸੇ ਦੂਰ ਦੂਰ ਤੱਕ,ਨਿੱਕੇ ਨਿੱਕੇ ਪੱਥਰ ਵੀ ਪ੍ਰਕਾਸ਼ ਦੇ ਰੰਗ ਵਿਚ ਰੰਗੇ ਹੋਏ ਸਾਫ ਨਜਰ ਆ ਰਹੇ ਸਨ। ਉਸਨੂੰ ਦੂਰ ਦੂਰ ਦੇ ਪਹਾੜਾਂ ਉਤੇ ਪਏ ਨਿੱਕੇ ਨਿੱਕੇ ਪੱਥਰ ਵੀ ਸਾਫ ਨਜਰੀਂ ਆਉਣ ਲੱਗੇ। ਸੱਚੀ ਗੱਲ ਤਾਂ ਇਹ,ਕਿ ਉਸ ਸਿੰਘ ਦੀਆਂ ਅਖੀਆਂ ਉਸ ਵੇਲੇ ਜਗ ਮਗ ਨੂਰ ਦੀ ਐਨਕ ਥਾਣੀ ਦੇਖ ਰਹੀਆਂ ਸਨ। ਸਰਵ-ਵਿਆਪਕ ਸੁਆਮੀ ਨੇ ਉਸ ਨੂੰ ਉਸ ਵੇਲੇ ਆਪਣੀ ਸਰਵ-ਵਿਆਪਕ-ਨਜ਼ਰ

ਵਾਲੀ ਐਨਕ ਦੀ ਬਖਸ਼ਿਸ਼ ਕਰਕੇ ਨੀਲ ਕੰਠ ਦੇ ਨੂਰ ਵਿਚ ਦੂਰ ਨੇੜੇ ਦੇ ਸਾਰੇ ਫਾਸਲੇ ਮਿਟਾ ਕੇ ਦਿਖਾ ਦਿੱਤੇ।ਦੂਰ ਦੇ ਨਜ਼ਾਰੇ ਵੀ ਇਸ ਤਰ੍ਹਾਂ ਦਿਸਣ ਜਿਵੇਂ ਉਹ ਉਨ੍ਹਾਂ ਥਾਵਾਂ ਦੇ ਕੋਲ ਹੀ ਖੜ੍ਹਾ ਹੋਵੇ।

ਦੂਜੇ ਦਿਨ ਗੋਬਿੰਦ ਧਾਮ ਪਹੁੰਚ ਕੇ ਵੀ ਉਹ ਇਲਾਹੀ ਪ੍ਰਕਾਸ਼ ਦੇ ਨਜ਼ਾਰੇ ਦੇ ਰੰਗਾਂ ਵਿਚ ਝੂੰਮ ਰਿਹਾ ਸੀ ਕਿ ਉਸਦੀ ਮੁਲਾਕਾਤ ਇਕ ਘੋੜੇ ਵਾਲੇ ਨਾਲ ਹੋ ਗਈ,ਜਿਹੜਾ ਕਈ ਸਾਲਾਂ ਤੋਂ ਹੇਮਕੁੰਟ ਸਾਹਿਬ ਦੇ ਯਾਤਰੀਆਂ ਤੋਂ ਖੱਟੀ ਕਰਕੇ ਆਪਣਾ ਤੇ ਆਪਣੇ ਪਰਿਵਾਰ ਦਾ ਪੇਟ ਪਾਲਦਾ ਸੀ।ਸਿੰਘ ਨੇ ਉਸ ਕੋਲੋਂ ਪੁਛਿਆ ਕਿ ਕੀ ਕਦੀ ਉਸ ਨੇ ਵੀ ਨੀਲ ਕੰਠ ਨੂੰ ਇਸ ਰੂਪ ਵਿਚ ਦੇਖਿਆ ਹੈ?ਤਾਂ ਉਸਦੀ ਕੋਰੀ ਨਾਂਹ ਸੁਣ ਕੇ ਸਿੰਘ ਨੂੰ ਯਕੀਨ ਹੋ ਗਿਆ ਕਿ ਇਹੋ ਜਿਹੇ ਇਲਾਹੀ ਅਨੁਭਵ ਗੁਰੂ ਕਿਰਪਾ ਨਾਲ ਹੀ ਹੁੰਦੇ ਹਨ।ਨਾਮ ਬਾਣੀ ਦੇ ਰੰਗ ਅਤੇ ਸਾਧ ਸੰਗਤ ਦੇ ਸੰਗ ਨਾਲ ਹੀ ਸਾਡੇ ਮਨ-ਮੰਦਰ ਵਿਚ ਉਹ ਜੋਤ ਲਿਸ਼ਕਾਰੇ ਮਾਰ ਜਾਂਦੀ ਹੈ ਜਿਸ ਦੀ ਲਿਸ਼ਕ ਨਾਲ ਸਾਡੀਆਂ ਨਜ਼ਰਾਂ ਉਨ੍ਹਾਂ ਇਲਾਹੀ ਰੰਗਾਂ ਨੂੰ ਪ੍ਰਾਪਤ ਹੁੰਦੀਆਂ ਹਨ ਜਿਹੜੇ ਇਸ ਪੰਜ ਭੂਤਕ ਸਰੀਰ ਦੀਆਂ ਅਖੀਆਂ ਨੂੰ ਨਹੀਂ ਦਿਸਦੇ।



ਵਿਸ਼ਾਲ ਪਰਬਤ,ਸਪਤਸ੍ਰਿੰਗ ਦਾ ਤਾਜ ਪਹਿਨੀ ਆਪਣੇ ਬੁੱਕ ਵਿਚ ਅੰਮ੍ਰਿਤ-ਕੁੰਡ ਸੰਭਾਲੀ ਅਡੋਲ ਖੜਾ ਹੈ।ਇਸ ਸੋਹਣੇ ਬੁੱਕ ਦੀਆਂ ਉਂਗਲੀਆਂ ਦੀ ਵਿਰਲ ਥਾਣੀ ਕਿਰਦੇ ਪਾਣੀ ਦੀਆਂ ਕੂਲ੍ਹਾਂ ਨਿਵਾਣਾ ਵੱਲ ਵਹਿੰਦੀਆਂ ਹੋਈਆਂ ਤਪੋ ਸਥਾਨ ਦੀ ਛੋਹ ਨੂੰ ਆਪਣੇ ਨਾਲ ਨਾਲ ਲਈ ਜਾਂਦੀਆਂ ਹੋਈਆਂ ਹੇਮ ਗੰਗਾ,ਅਲਖ ਨੰਦਾ ਅਤੇ ਹੋਰ ਕਈ ਨਦੀਆਂ ਦਾ ਰੂਪ ਧਾਰਦੀਆਂ ਹਨ।ਤਪਸਵੀਆਂ ਦੀ ਧਰਤੀ ਦਾ ਸੁਨੇਹਾ ਦੂਰ ਦੂਰ ਤਕ ਜੀਵ-ਜੰਤੂਆਂ ਦੇ ਕੰਨੀ ਪਾਉਣ ਲਈ ਉਛਲਦੀਆਂ ਕੁੱਦਦੀਆਂ ਦੌੜੀਆਂ ਜਾਂਦੀਆਂ ਹਨ।

ਸਪਤ-ਸ਼੍ਰਿੰਗ ਦੇ ਹੱਥਾਂ ਦੇ ਸੁੰਦਰ ਬੁੱਕ ਵਿਚ ਸੱਜੇ ਹੋਏ ਅੰਮ੍ਰਿਤ ਕੁੰਡ ਵਿਚੋਂ ਕਿਰ ਕੇ ਆਈ ਹੇਮ ਗੰਗਾ,ਰਸਤੇ ਦੇ ਨਾਲ ਨਾਲ ਵਹਿੰਦੀ ਹੋਈ ਸਾਨੂੰ ਹੇਮਕੁੰਟ ਸਾਹਿਬ ਦੇ ਭਗਤੀ-ਰਸ ਨਾਲ ਜੋੜੀ ਰੱਖਦੀ ਹੈ।ਬੁਲੰਦ ਅਵਾਜ਼ ਵਿਚ ਨਾਮ ਉਚਾਰਦੀ ਹੋਈ,ਦੌੜੀ ਜਾਂਦੀ ਹੇਮ ਗੰਗਾ ਵੱਡੇ-ਵੱਡੇ ਪੱਥਰਾਂ ਉਤੋਂ ਉਚੀਆਂ ਉਚੀਆਂ ਛਾਲਾਂ ਮਾਰਦੀ ਹੋਈ ਅਤੇ ਨਿੱਕੇ ਮੋਟੇ ਪੱਥਰਾਂ ਨੂੰ ਆਪਣੇ ਨਾਲ ਰੁੜ੍ਹਾਈ ਲਿਜਾਂਦੀ ਹੋਈ ਪਤਾ ਨਹੀਂ ਕਦੋਂ ਤੋਂ ਸੱਚੇ ਨਾਮ ਦੀ ਅਖੰਡ-ਧੁਨੀ ਇ੍ਹਨਾਂ ਪਹਾੜਾਂ ਦੇ ਕੰਨੀ ਪਾ ਰਹੀ ਹੈ।"ਵਾਹਿਗੁਰੂ..." "ਵਾਹਿਗੁਰੂ......!"ਪੁਕਾਰਦੀ ਇਸ ਨਦੀ ਦੀ ਸੰਗਤ ਨਾਲ ਸਾਡੇ ਮਨਾਂ ਦੇ ਅੰਦਰੋਂ ਵੀ ਇਹੋ ਅਵਾਜ਼ ਨਿਕਲ ਕੇ ਨਦੀ ਦੀ ਅਵਾਜ਼ ਵਿਚ ਇੱਕ-ਮਿੱਕ ਹੋ ਕੇ ਇਲਾਹੀ ਰੰਗ ਬੰਨ੍ਹਦੀ ਹੈ।ਕਦੀ ਨਾ ਚੁੱਪ ਕਰਨ ਵਾਲੀ ਤੇ ਕਦੀ ਨਾ ਰੁਕਣ ਵਾਲੀ,ਅਨੰਤ ਕਾਲ ਤੋਂ ਲਗਾਤਾਰ ਸਿਮਰਨ ਦੀਆਂ ਗੁੰਜਾਰਾਂ ਪਾਉਂਦੀ ਹੋਈ ਨਦੀ ਨੂੰ ਕਦੀ ਅਰਾਮ ਕਰਨ ਦਾ ਖਿਆਲ ਹੀ ਨਹੀਂ ਅਇਆ।ਸੱਚੇ ਨਾਮ ਦੀ ਧੂਫ ਧੁਖਾ ਕੇ ਨਾਮ-ਰਸ ਦੀਆਂ ਮਹਿਕਾਂ ਵੰਡਦੀ ਹੋਈ ਹੇਮ ਗੰਗਾ ਵੱਲ ਦੇਖਕੇ ਰੀਝਦਾ ਹੋਇਆ ਮਨ ਕਹਿ ਉਠਦਾ ਹੈ,"ਕਾਸ਼....!ਕਿਤੇ ਸਾਡੇ ਸਾਹਾਂ ਦੇ ਦੌਰ ਵਿਚ ਵੀ ਇਸੇ ਤਰ੍ਹਾਂ ਹੀ ਸੱਚੇ ਨਾਮ ਦੀ ਅਖੰਡ-ਧੁਨੀ ਦੀ ਰੌਅ ਵਹਿ ਤੁਰੇ, ਜੋ ਕਦੀ ਰੁਕਣ ਦਾ ਨਾਮ ਨਾ ਲਵੇ ਤੇ ਆਖਰੀ ਸਾਹਾਂ ਤੱਕ ਸਾਡੇ ਜੀਵਨ ਨੂੰ ਨਾਮ-ਰਸ ਨਾਲ ਸਿੰਜਦੀ ਰਵ੍ਹੇ।"





ਭਿੰਨੜੀ ਰੈਣ ਨੂੰ ਹੋਰ ਰਸੀਲਾ ਬਣਾਉਣ ਲਈ ਅਤੇ ਅੰਮ੍ਰਿਤ ਵੇਲੇ ਦੀ ਸੁੱਚਮ ਨੂੰ ਅੰਮ੍ਰਿਤ ਸੁਰਾਂ ਵਿਚ ਰੰਗਣ ਲਈ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਜਾ ਰਹੇ,ਜਾਂ ਦਰਸ਼ਨ ਕਰਕੇ ਵਾਪਸ ਆ ਰਹੇ ਕੀਰਤਨੀਏ ਸਿੰਘ ਰਿਖੀਕੇਸ਼,ਗੋਬਿੰਦ ਘਾਟ,ਗੋਬਿੰਦ ਧਾਮ ਅਤੇ ਹੇਮਕੁੰਟ ਸਾਹਿਬ ਦੇ ਹੋਰ ਗੁਰਦਵਾਰਿਆਂ ਵਿਚ ਕੀਰਤਨ ਕਰਦੇ ਹਨ।ਇਹ ਗੱਲ ਸ਼ਪੱਸ਼ਟ ਤੌਰ ਉਤੇ ਸਾਹਮਣੇ ਆਉਂਦੀ ਹੈ ਕਿ ਕੀਰਤਨੀਏ ਸਿੰਘਾਂ ਦੀਆਂ ਸੁਰਤੀਆਂ ਬਿਰਤੀਆਂ ਪਹਿਲਾਂ ਨਾਲੋਂ ਵੱਧ ਅਕਾਲ ਪੁਰਖ ਦੇ ਚਰਨਾਂ ਵਿਚ ਜੁੜੀਆਂ ਹੋਈਆਂ ਹੁੰਦੀਆਂ ਹਨ।ਉਹ ਅਨੰਦ ਭਰਪੂਰ ਹੋ ਕੇ ਕੀਰਤਨ ਕਰਦੇ ਹਨ।ਗੁਰੂ ਚਰਨਾਂ ਵਿਚ ਲੀਨ ਹੋ ਕੇ ਮਿੱਠੇ ਸੁਰਾਂ ਦੇ ਅਸਰ ਨਾਲ ਸਰੋਤਿਆਂ ਨੂੰ ਕੀਲ ਕੇ ਬਿਠਾਈ ਰਖਦੇ ਹਨ।ਦੂਜੇ ਪਾਸੇ ਉਸ ਧਰਤੀ ਉਤੇ ਪਹੁੰਚ ਕੇ,ਜਿਥੋਂ ਦੇ ਕਣ ਕਣ ਵਿਚੋਂ "ਏਕ ਤੂੰ ਹੀ.........!ਏਕ ਤੂੰ ਹੀ........!" ਦੀ ਅਵਾਜ਼ ਗੂੰਜਦੀ ਹੈ,ਕੀਰਤਨ ਸੁਣਨ ਵਾਲਿਆਂ ਦੀਆਂ ਸੁਰਤੀਆਂ ਬਿਰਤੀਆਂ ਵੀ ਬਦਲੀਆਂ ਬਦਲੀਆਂ ਨਜ਼ਰ ਆਉਂਦੀਆਂ ਹਨ ਹਨ।



ਗੁਰੂ ਦੀ ਪਿਆਰੀ ਸੰਗਤ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੁੜ ਬੈਠਦੀ ਹੈ ਤਾਂ ਹਰ ਕੋਈ ਨਦਰੀ ਨਦਰ ਨਿਹਾਲ ਹੁੰਦਾ ਹੈ।ਕੀਰਤਨੀਏ ਸਿੰਘ ਕੀਰਤਨ ਕਰਨ ਵਿਚ ਮਗਨ ਹੁੰਦੇ ਹਨ ਅਤੇ ਸੰਗਤਾਂ ਕੀਰਤਨ-ਰਸ ਵਿਚ ਗੜੂੰਦ ਹੋ ਕੇ ਅੰਤਰ-ਗਤਿ ਤੀਰਥ ਵਿਚ ਮਲ ਮਲ ਨਹਾਉਂਦੀਆਂ ਹਨ।ਮਨ-ਵੀਣਾ ਦੀਆਂ ਤਾਰਾਂ ਉਤੇ ਸੱਚੇ ਨਾਮ ਦੀ ਧੁਨੀ ਝੁਨਝੁਨਾਉਂਦੀ ਹੈ।


ਸੁੰਦਰਤਾ ਦੇ ਖਜ਼ਾਨੇ ਸਾਂਭੀ ਬੈਠੀਆਂ ਸੈਂਕੜੇ ਚੋਟੀਆਂ ਵਿਚੋਂ ਸਪਤਸ੍ਰਿੰਗ ਦੀ ਸੁੰਦਰਤਾ ਵਰਨਣ ਤੋਂ ਪਰ੍ਹੇ ਹੈ।ਸੋਨੇ ਚਾਂਦੀ ਦੀ ਲਿਸ਼ਕੋਰ ਨਾਲ ਇਹਨਾਂ ਚੋਟੀਆਂ ਦੀ ਚਮਕ ਦੀ ਤੁਲਨਾ ਕਰਨੀ ਚੰਗੀ ਨਹੀਂ ਲਗਦੀ।ਹਾਂ...!ਕਦੀ ਕਦੀ ਇੰਜ ਲਗਦਾ ਹੈ ਜਿਵੇਂ ਉਚ-ਮੰਡਲਾਂ ਵਿਚ ਖੜ੍ਹਾ ਕੋਈ ਅਰਸ਼ੀ-ਫਰਿਸ਼ਤਾ ਸੂਰਜ ਦੀ ਚਮਕ ਦੇ ਲੇਪ ਨਾਲ ਇਹਨਾਂ ਪਰਬਤਾਂ ਦੀਆਂ ਟੀਸੀਆਂ ਨੂੰ ਚਮਕਾਈ ਜਾ ਰਿਹਾ ਹੈ।



ਸਪਤਸ੍ਰਿੰਗ ਉਤੇ ਝੂਲਦੇ ਸਤ ਕੇਸਰੀ ਨਿਸ਼ਾਨ ਸਾਹਿਬ ਇਸ ਤਰ੍ਹਾਂ ਲਗਦੇ ਹਨ ਜਿਵੇਂ ਖਾਲਸਾ ਪੰਥ ਦੀ ਜੈ ਜੈ ਕਾਰ ਕਰਨ ਲਈ ਉਹ ਦੁਨੀਆਂ ਦੀ ਸਭ ਤੋਂ ਉਚੀ ਅਤੇ ਸੋਹਣੀ ਥਾਂ ਉਤੇ ਸੱਜ ਕੇ ਖੜ੍ਹੇ ਹੋਣ।

ਮੀਂਹ ਨਾਲ ਧਰਤੀ ਸਿੰਜ ਹੋਣ ਪਿੱਛੋਂ ਜਦੋਂ ਸਤਰੰਗੀ ਪੀਂਘ ਪੈਂਦੀ ਹੈ ਤਾਂ ਮਨ ਸੋਹਣੇ ਰੰਗਾਂ ਵਿਚ ਰੰਗਿਆ ਜਾਂਦਾ ਹੈ।ਸਰੋਵਰ ਉਤੇ,ਚੋਟੀਆਂ ਉਤੇ,ਖਾਸ ਕਰਕੇ ਪਰਬਤਾਂ ਦੀ ਹਿੱਕ ਉਤੇ ਵਹਿਣ ਵਾਲੇ ਝਰਨਿਆਂ ਉਤੇ ਇਹ ਰੰਗ ਐਨੇ ਗੂੜ੍ਹੇ ਹੋ ਕੇ ਚਮਕਦੇ ਹਨ ਕਿ ਦੇਖ-ਦੇਖ ਅੱਖੀਆਂ ਨਹੀਂ ਰੱਜਦੀਆਂ।ਰੰਗਾਂ ਦਾ ਸਾਰਾ ਸੁਹੱਪਣ ਸੁੰਗੜ ਕੇ ਸੱਤ ਲਕੀਰਾਂ ਵਿਚ ਇਕੱਠਾ ਹੋ ਜਾਂਦਾ ਹੈ।ਸੱਤ ਰੰਗੇ ਨੂਰ ਦੀਆਂ ਰਿਸ਼ਮਾਂ ਲਰਜਦੀਆਂ ਹਨ ਤੇ ਇੰਨ੍ਹਾਂ ਦੇ ਨਾਲ ਝਰਨਿਆਂ ਦੇ ਪਾਣੀ ਨੂਰੋ ਨੂਰ ਹੋ ਜਾਂਦੇ ਹਨ।






ਸੋਹਣੇ ਪਰਬਤਾਂ ਦੇ ਵਿਚਕਾਰ ਸਾਫ,ਸੀਤਲ,ਨਿਰਮਲ, ਅਤੇ ਅੰਮ੍ਰਿਤ-ਜਲ ਦਾ ਕੁੰਡ ਦੇਖ ਕੇ ਸੰਗਤ ਸੋਹਣੀ ਕੁਦਰਤ ਦੇ ਰਚਨਹਾਰੇ ਦੇ ਚਰਨਾਂ ਤੋਂ ਬਲਿਹਾਰ ਜਾਂਦੀ ਹੈ।ਅੰਮ੍ਰਿਤ-ਸਰੋਵਰ ਵਿਚ ਇਸ਼ਨਾਨ ਕਰਨ ਤੋਂ ਪਹਿਲਾਂ ਪਾਣੀ ਦੀ ਸ਼ਵੱਛਤਾ ਅਤੇ ਆਲੇ ਦੁਆਲੇ ਦਾ ਰੰਗੀਨ ਨਜ਼ਾਰਾ ਦੇਖ ਕੇ ਸਿਰ ਤੋਂ ਪੈਰਾਂ ਤਕ ਪ੍ਰੇਮ ਝਰਨ੍ਹਾਟਾਂ ਛਿੜ ਪੈਂਦੀਆਂ ਹਨ ਤੇ ਫਿਰ ਜਦੋਂ ਠੰਡੇ ਠਾਰ ਪਾਣੀ ਵਿਚ ਇਸ਼ਨਾਨ ਕਰਦੇ ਹਾਂ ਤਾਂ ਆਪ-ਮੁਹਾਰੇ ਮੂੰਹੋਂ 'ਵਾਹਿਗੁਰੂ...ਵਾਹਿਗੁਰੂ...ਉਚਾਰ ਹੁੰਦਾ ਹੈ।ਸਾਡੀ ਜਨਮਾ ਜਨਮਾ ਦੀ ਮੈਲ ਉਤਰ ਜਾਂਦੀ ਹੈ।ਅਸੀਂ ਨਾਮ ਦੇ ਉਚੇ ਸੁੱਚੇ ਰਸ ਨਾਲ ਭਰ ਜਾਂਦੇ ਹਾਂ।ਸੰਪੂਰਨ ਹੋ ਜਾਂਦੇ ਹਾਂ।

## ਅੰਮ੍ਰਿਤ ਸਰੋਵਰ ਵਿਚ ਸਮਾਧੀ ਲਗਾ ਕੇ ਅੰਮ੍ਰਿਤ ਬਾਣੀ ਵਿਚ ਲੀਨ ਹੋਇਆ ਇਕ ਸਿੰਘ

ਹਰ ਕੋਈ ਕੋਸ਼ਿਸ਼ਿ ਕਰਦਾ ਹੈ ਕਿ ਉਹ ਬਰਫ ਵਰਗੇ ਠੰਡੇ ਪਾਣੀ ਵਿਚ ਵਧ ਤੋਂ ਵਧ ਚੁੱਭੀਆਂ ਮਾਰੇ।ਕਈ ਤਾਂ ਇਕੋ ਚੁੱਭੀ ਮਾਰ ਕੇ ਬਾਹਰ ਦੌੜਦੇ ਹਨ,ਕਈ ਕੁਝ ਦੇਰ ਤੱਕ ਬਰਫੀਲੇ ਪਾਣੀ ਵਿਚ ਰਹਿ ਕੇ ਇਸ਼ਨਾਨ ਕਰ ਲੈਂਦੇ ਹਨ ਪਰ ਕਦੀ ਕਦੀ ਅਸਚਰਜ ਕ੍ਰਿਸ਼ਮੇ ਵੀ ਹੋ ਜਾਂਦੇ



ਕ੍ਰਿਪਾਨਾਂ ਦਸਤਾਰਾਂ ਉਤੇ ਸਜਾਈ..।ਅੰਮ੍ਰਿਤ ਸਰੋਵਰ ਵਿਚ ਬੈਠੇ ਦੋ ਸਿੰਘ ਪ੍ਰੇਮ-ਬਾਣੀ ਵਿਚ ਲੀਨ...

ਹਨ ਜਦੋਂ ਦੇਖਣ ਵਿਚ ਆਉਂਦਾ ਹੈ ਕਿ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਵਾਲੇ ਅੰਮ੍ਰਿਤ ਸਰੋਵਰ ਵਿਚ ਸਮਾਧੀ ਲਗਾ ਕੇ ਬੈਠ ਜਾਂਦੇ ਹਨ ਤੇ ਸਤਿਗੁਰੂ ਜੀ ਦੇ ਚਰਨ ਕੰਵਲਾਂ ਨਾਲ ਲਿਪਟ ਕੇ ਨਾਮ-ਬਾਣੀ ਵਿਚ ਜੁੜ ਜਾਂਦੇ ਹਨ।

ਸਰੋਵਰ ਵਿਚ ਬੈਠ ਕੇ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕਰਦੇ ਹਨ ਤੇ ਪਾਠ ਦਾ ਭੋਗ ਪਾ ਕੇ ਉਠਦੇ ਹਨ।ਦੇਖਣ ਵਾਲੇ ਦੰਗ ਰਹਿ ਜਾਂਦੇ ਹਨ।ਆਮ ਬੰਦੇ ਦੇ ਮਨ ਵਿਚ ਤਾਂ ਇਹ ਹੀ ਆਉਂਦਾ ਹੈ ਕਿ ਪਤਾ ਨਹੀਂ ਇਹ ਹੁਣ ਸਰੋਵਰ ਵਿਚੋਂ ਬਾਹਰ ਵੀ ਆ ਸਕਣਗੇ ਜਾਂ ਵਿੱਚੇ ਹੀ ਸ਼ਹੀਦ ਹੋ ਜਾਣਗੇ ਪਰ ਇਹ ਸਚਾਈ ਹੈ ਕਿ ਅਜ ਤਕ ਸਰੋਵਰ ਵਿਚ ਬੈਠ ਕੇ ਇਸ ਤਰ੍ਹਾਂ ਪਾਠ ਕਰਨ ਵਾਲੇ ਦੀ ਮੌਤ ਕਦੀ ਨਹੀਂ ਹੋਈ।ਨਾਮ ਬਾਣੀ ਦੇ ਰਸੀਏ ਇਸ ਤਪੋ ਭੂਮੀ ਦੇ ਅੰਮ੍ਰਿਤ ਕੁੰਡ ਵਿਚ ਬੈਠ ਕੇ ਕਰੜੀ ਤਪ ਸਾਧਨਾ ਦੇ ਮਹਾਂ ਅਨੰਦ ਦਾ ਸਬੂਤ ਦੇ ਜਾਂਦੇ ਹਨ।ਗੁਰੂ ਲੜ ਲਗੇ ਹੋਏ ਅਜਿਹੇ ਤੱਪਸਵੀਆਂ ਲਈ,ਕੁਦਰਤ ਪ੍ਰੇਮੀਆਂ ਅਤੇ ਸੰਗੀਤ ਪ੍ਰੇਮੀਆਂ ਲਈ ਤਾਂ ਹੇਮਕੁੰਟ ਸਾਹਿਬ ਦੀ ਯਾਤਰਾ ਸਵਰਗਾਂ ਦੇ ਝੂਟੇ ਹੀ ਹਨ।

ਇਕ ਵਾਰੀ ਇਹਨਾਂ ਸਵਰਗੀ ਝੂਟਿਆਂ ਦਾ ਅਨੰਦ ਮਾਣ ਰਹੀ ਸੰਗਤ ਹੇਮਕੁੰਟ ਸਾਹਿਬ ਦੇ ਦਰਸ਼ਨ ਇਸ਼ਨਾਨ ਕਰਕੇ ਗੋਬਿੰਦ ਧਾਮ ਪਹੁੰਚੀ ਤਾਂ ਇਹ ਖਬਰ ਸੁਣ ਕੇ ਸਾਰੇ ਹੱਕੇ ਬੱਕੇ ਰਹਿ ਗਏ ਕਿ

ਅਣਮਿੱਥੇ ਸਮੇ ਲਈ ਯਾਤਰਾ ਰੁਕ ਗਈ ਹੈ। ਰਿਖੀਕੇਸ਼ ਤੋਂ ਗੋਬਿੰਦ ਧਾਮ ਤੱਕ ਸਿਖ ਯਾਤਰੀਆਂ ਲਈ ਸੜਕਾਂ ਉਤੇ ਜਾਣ ਦੀ ਮਨਾਹੀ ਹੈ। ਰਿਖੀਕੇਸ਼ ਤੋਂ ਗੋਬਿੰਦ ਧਾਮ ਤੱਕ ਸਾਰੇ ਗੁਰਦੁਆਰਿਆਂ ਵਿਚ ਹਜ਼ਾਰਾਂ ਸੰਗਤਾਂ ਜਮ੍ਹਾਂ ਹੋ ਗਈਆਂ ਹਨ ਜਿਹੜੀਆਂ ਨਾ ਅੱਗੇ ਜਾ ਸਕਦੀਆਂ ਹਨ ਤੇ ਨਾ ਪਿੱਛੇ ਮੁੜ ਸਕਦੀਆਂ



ਹਨ।

ਇਸ ਦਾ ਕਾਰਨ ਇਹ ਸੀ ਕਿ ਜੂਨ ੧੯੮੪ ਦੇ ਪਹਿਲੇ ਹਫਤੇ ਜਦੋਂ ਹਰਮੰਦਰ ਸਾਹਿਬ ਉਤੇ ਫੌਜੀ ਹਮਲਾ ਹੋਇਆ ਤਾਂ ਉਸਦਾ ਸੰਤਾਪ ਸਾਰੇ ਹਿੰਦੁਸਤਾਨ ਨੂੰ ਹੰਢਾਉਣਾਂ ਪਿਆ।

ਕਲਿਯੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥

ਪੰਨਾਂ ੪੭੦

ਇਲਾਹੀ ਬਾਣੀ ਦੇ ਫੁਰਮਾਨ ਸੱਚੇ ਹੋਏ। ਹਿੰਦੁਸਤਾਨ ਦੀ ਹੁਕਮਰਾਨ ਨੇ ਇਕ ਅਗਨੀ ਦਾ ਰੱਥ ਤਿਆਰ ਕੀਤਾ ਤੇ ਝੂਠ ਨੂੰ ਉਸਦਾ ਰੱਥਵਾਨ ਬਣਾ ਕੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਵਾਲੀ ਫੌਜ ਨੂੰ ਉਸ ਵਿਚ ਬਿਠਾ ਕੇ ਆਪਣੇ ਹੀ ਦੇਸ਼ ਦੇ ਮੰਦਰ (ਅਕਾਲ ਤਖਤ) ਨੂੰ ਤਬਾਹ ਕਰਨ ਲਈ ਤੋਰ ਦਿੱਤਾ। ਬਦਸਿਕਮਤੀ ਨਾਲ ਉਸ ਅਗਨਿ-ਰੱਥ ਵਿਚ ਬਹੁਤੇ ਫੌਜੀ ਹਿਮਾਲਾ ਪ੍ਰਬਤ ਦੀ ਇਸ ਸਵਰਗੀ

ਧਰਤੀ ਦੇ ਵਸਨੀਕ ਸਨ।ਉਨ੍ਹਾਂ ਵਿਚਾਰਿਆਂ ਨੇ ਫੌਜੀ ਵਰਦੀ ਪਹਿਨਣ ਵੇਲੇ ਕਦੀ ਇਹ ਤਾਂ ਨਹੀਂ ਸੀ ਸੋਚਿਆ ਕਿ ਉਹ ਦੇਸ਼ ਦੀਆਂ ਸਰਹੱਦਾਂ ਉਤੇ ਲੜਨ ਦੀ ਥਾਂ ਆਪਣਾਂ ਹੀ ਮੰਦਰ (ਅਕਾਲ ਤਖਤ) ਢਾਹੁਣਗੇ।ਪਰ ਉਸ ਵੇਲੇ ਕੁੜਿਆਰੀ ਹਾਕਮ ਦਾ ਹੁਕਮ ਮੰਨਣਾਂ ਜਰੂਰੀ ਹੋ ਗਿਆ ਸੀ।ਰੋਟੀ ਰੋਜ਼ੀ ਦਾ ਮਸਲਾ,ਹੁਕਮ ਨਾਂ ਮੰਨਣ ਦੀ ਸਜ਼ਾ,ਅਤੇ ਸੱਚ ਦੇ ਰਾਹੀਆਂ ਖਿਲਾਫ ਕੀਤੇ ਝੂਠੇ ਪ੍ਰਚਾਰ ਕਾਰਨ ਉਹ ਸ੍ਰੀ ਅਕਾਲ ਤਖਤ ਸਾਹਿਬ ਅਗੇ ਅੱਗ ਦੀ ਖੇਡ ਖੇਡਣ ਗਏ ਹੋਏ ਆਪ ਹੀ ਬਲੀ ਦੇ ਬੱਕਰੇ ਬਣੇ।

ਜ੍ਹਿਨਾਂ ਦੇ ਸਕੇ-ਸੰਬੰਧੀ ਵਾਪਿਸ ਘਰੀਂ ਨਾ ਆਏ,ਉਨ੍ਹਾਂ ਦੀ ਮੱਤ ਉਤੇ ਪੜਦਾ ਪਾਉਣ ਲਈ ਗੁੱਝੀਆਂ ਚਾਲਾਂ ਚਲੱਣ ਵਾਲੇ ਹਾਕਮਾਂ ਨੇ ਹਿੰਦੂ-ਸਿੱਖ ਦੀ ਦੁਸ਼ਮਣੀਂ ਦੀ ਅੱਗ ਬਾਲ ਦਿਤੀ। ਉਹ ਲੂੰਬੜ ਚਾਲਾਂ ਚੱਲਣ ਵਾਲੇ,ਲੋਕਾਂ ਦੀ ਮੱਤ ਉਤੇ ਪੜਦਾ ਪਾਉਣ ਵਿਚ ਸਫਲ ਹੋ ਗਏ।ਬਦਲੇ ਦੀ ਅੱਗ ਬਲ ਗਈ।ਇਹੀ ਕਾਰਨ ਸੀ ਕਿ ਰਿਖੀਕੇਸ਼ ਤੋਂ ਗੋਬਿੰਦ ਧਾਮ ਤੱਕ ਬਹੁ ਗਿਣਤੀ(ਹਿੰਦੂ)ਦੇ ਲੋਕ ਹੱਥਾਂ ਵਿਚ ਪਥੱਰ ਅਤੇ ਰੋੜੇ ਫੜ ਕੇ ਸਿੱਖ ਯਾਤਰੀਆਂ ਦੀਆਂ ਬੱਸਾਂ ਦੀ ਤੋੜ ਫੋੜ ਕਰਨ ਲਈ ਤੇ ਸਿੱਖ ਯਾਤਰੂਆਂ ਨੂੰ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ,ਸੜਕਾਂ ਉਤੇ ਕਤਾਰਾਂ ਬੰਨ ਕੇ ਖੜ੍ਹੇ ਹੋ ਗਏ।ਕੁਝ ਬਸਾਂ ਦੀ ਤੋੜ ਫੋੜ ਹੋਣ ਪਿਛੋਂ ਯਾਤਰਾ ਰੁਕ ਗਈ।

ਗੋਬਿੰਦ ਧਾਮ ਵਿਚ ਰੁਕੇ ਹੋਏ ਯਾਤਰੀ ਆਪਣੀਆਂ ਆਪਣੀਆਂ ਮਜਬੂਰੀਆਂ ਬਾਰੇ ਸੋਚਣ ਲਈ ਮਜਬੂਰ ਹੋ ਗਏ।ਕਿਸੇ ਨੂੰ ਆਪਣੀ ਨੌਕਰੀ ਤੋਂ ਲਈਆਂ ਛੁੱਟੀਆਂ ਦੀ ਚਿੰਤਾ ਸਤਾਉਣ ਲੱਗੀ ਤੇ ਕੋਈ ਆਪਣੇ ਘਰ ਪਰਿਵਾਰ ਦੀਆ ਮਜਬੂੀਆਂ ਬਾਰੇ ਸੋਚਣ ਲੱਗ ਪਿਆ।ਇਹ ਸੋਚਾਂ ਤੇ ਫਿਕਰ ਉਨ੍ਹਾਂ ਨੂੰ ਗੁਰੂ ਚਰਨਾਂ ਨਾਲ ਜੋੜੀ ਰਖਦੇ।ਸੁੱਖਾਂ ਦੇ ਦਾਤੇ ਕੋਲੋਂ ਅਪਣੇ ਘਰ ਬਾਰ ਦੀ ਸੁੱਖ-ਸਾਂਦ ਮੰਗਦੇ ਹੋਏ ਦਿਨ ਰਾਤ ਸੇਵਾ ਸਿਮਰਨ ਵਿਚ ਲਗੇ ਰਹਿੰਦੇ।ਗੁਰੂ ਜੀ ਦੇ ਦਰਬਾਰ ਸਾਹਿਬ ਵਿਚ ਹਰ ਵੇਲੇ ਨਾਮ ਬਾਣੀ ਦਾ ਪ੍ਰਵਾਹ ਚਲਦਾ ਰਹਿੰਦਾ ਤੇ ਕੀਰਤਨ ਵੀ ਚੜ੍ਹਦੀ ਕਲਾ ਦੀ ਰਵਾਨਗੀ ਵਿਚ ਹੁੰਦਾ।ਲੰਗਰ ਦੀ ਸੇਵਾ ਕਰਦਿਆਂ ਵੀ ਮਨ ਨਾਮ-ਬਾਣੀ ਨਾਲ ਜੁੜਿਆ ਰਹਿੰਦਾ।ਇਕ ਦੂਜੇ ਵਲ ਦੇਖ ਕੇ ਹੌਸਲੇ ਬੁਲੰਦ ਹੁੰਦੇ ਤੇ ਘਰ ਬਾਰ ਦੀ ਚਿੰਤਾ ਤੋਂ ਮੁਕਤ ਹੋਣ ਲਈ ਸਰਵ-ਕਲਾ-ਸਮਰੱਥ ਦਾਤਾਰ ਪਿਤਾ ਦੇ ਚਰਨਾਂ ਵਿਚ ਮਨ ਟਿਕਿਆ ਰਹਿੰਦਾ।

ਜਬਰਦਸਤੀ ਰੁਕੇ ਹੋਏ ਸਿੱਖ-ਯਾਤਰੀਆਂ ਵਿਚੋਂ ਕਈ ਅਜਿਹੇ ਵੀ ਸਨ ਜਿਹੜੇ ਇਸ ਮੌਕੇ ਦਾ ਪੂਰਾ ਪਰਾ ਲਾਭ ਉਠਾਉਣ ਲਈ ਦੇਵ-ਲੋਕ ਦੀ ਧਰਤੀ ਦੇ ਰੰਗਾਂ ਵਿਚ ਭਿੱਜਣ ਦੇ ਲਾਹੇ ਲੈਣ ਲਈ ਜਪ ਤਪ ਕਰਨ ਦੇ ਇੱਛਾਵਾਨ ਸੀ।

ਕੁਦਰਤ ਦੇ ਰਸੀਆਂ ਨੂੰ ਕੁਦਰਤੀ ਨਜਾਰਿਆਂ ਵਿਚ ਲੀਨ ਹੋਣ ਦਾ ਵਧੀਆ ਮੌਕਾ ਮਿਲ ਗਿਆ।ਖੁਲ੍ਹੇ ਸਮੇ ਦਾ ਲਾਭ ਲੈਂਦੇ ਹੋਏ ਉਹ ਨਦੀ ਦੇ ਕੰਢੇ ਕੰਢੇ ਤੁਰੇ ਜਾਂਦੇ ਕੁਦਰਤ ਦੀ ਸੁੰਦ੍ਰਤਾ ਵਿਚ ਲੀਨ ਹੋ ਜਾਂਦੇ।ਚੌੜੀਆਂ ਹਿੱਕਾਂ ਤਾਣੀ ਖੜ੍ਹੇ,ਉਚ-ਅਸਮਾਨਾਂ ਦੀਆਂ ਸਿਖਰਾਂ ਨੂੰ ਛੂੰਹਦੇ ਪ੍ਰਬਤਾਂ ਦੇ ਵਿਸਮਾਦੀ ਰੰਗਾਂ ਵਿਚ ਗੁਆਚ ਜਾਂਦੇ ਤੇ ਕਦੀ ਸਾਹਮਣੇ ਝਰਨੇ ਦੀ ਗੂੰਜ ਵਿਚੋਂ ਕੁਦਰਤ ਰਾਣੀ ਦਾ ਗੀਤ ਸੁਣਦੇ।ਕਈ ਵਾਰੀ ਐਸਾ ਵੀ ਹੁੰਦਾ ਕਿ ਸਿਆਣੇ ਬਿਆਣੇ ਨਦੀ ਵਿਚ ਵੜੇ ਹੋਏ ਬੱਚਿਆਂ ਵਾਂਗੂੰ ਪੱਥਰਾਂ ਨਾਲ ਖੇਲਦੇ ਹੋਏ,ਇਕ ਦੂਜੇ ਉਤੇ ਪਾਣੀ ਦੇ ਛਿੱਟੇ ਮਾਰਦੇ ਹੋਏ ਦੁਨਿਆਵੀ ਫਿਕਰਾਂ ਫਾਕਿਆਂ ਤੋਂ ਦੂਰ ਦਿਖਾਈ ਦਿੰਦੇ।

ਜਪ ਤਪ ਕਰਨ ਵਾਲਿਆਂ ਲਈ ਤਾਂ ਇਹ ਸੁਨਹਿਰੀ ਮੌਕਾ ਸੀ।ਕਈ ਸ਼ਰਧਾਲੂ ਦਸ਼ਟ ਦਮਨ ਦੀ ਘੋਰ ਤਪੱਸਿਆ ਨੂੰ ਯਾਦ ਕਰਦੇ ਹੋਏ ਸਵੇਰ ਹੁੰਦਿਆਂ ਹੀ ਸ਼੍ਰੀ ਹੇਮ ਕੁੰਟ ਦੇ ਰਾਹੇ ਪੈਂਦੇ।ਤੇ ਸ਼ਾਮ ਨੂੰ ਵਾਪਿਸ ਗੋਬਿੰਦ ਧਾਮ ਆ ਪਹੁੰਚਦੇ।ਤਪ-ਸਥਾਨ ਦੇ ਰੰਗਾਂ ਦੀ ਬੌਛਾੜ ਵਿਚ ਹਰ ਰੋਜ ਹੀ ਦਰਸ਼ਨ ਇਸ਼ਨਾਨ ਕਰ ਲੈਂਦੇ।ਇਨ੍ਹਾਂ ਸੁਭਗੀਆ ਜਿੰਦਾਂ ਵਿਚ ਕੁਝ ਬੀਬੀਆਂ ਨੇ ਵੀ ਲਾਹੇ ਪ੍ਰਾਪਤ ਕਰਦਿਆਂ ਇਲਾਹੀ ਰੰਗ ਮਾਣੇ।ਇਕ ਦਿਨ ਇਕ ਬੀਬੀ ਨੇ ਸਵੇਰੇ ਸਵੇਰੇ ਹੀ ਘੋੜੇ ਵਾਲੇ ਨੂੰ ਹੇਮ



ਕੁੰਟ ਪਹੁੰਚਾਉਣ ਲਈ ਕਿਹਾ।ਸੁੰਨ ਸਾਂਨ ਵਿਚ ਜਦੋਂ ਅੱਧਾ ਕੁ ਰਸਤਾ ਬੀਤ ਗਿਆ ਤਾਂ ਉਸ ਨੂੰ ਖਿਆਲ ਆਇਆ ਕਿ ਉਹ ਇਕੱਲੀ ਹੀ ਹੈ।ਉਸ ਦਿਨ ਕੋਈ ਹੋਰ ਯਾਤਰੂ ਨਹੀਂ ਆਇਆ ਸੀ।ਯਾਤਰਾ ਰੁਕ ਜਾਣ ਕਰਕੇ ਰਸਤੇ ਵਿਚਲੇ ਚਾਹ ਦੇ ਢਾਬੇ ਵੀ ਬੰਦ ਪਏ ਸਨ।ਉਸਨੂੰ ਘਣੇ ਜੰਗਲਾਂ ਵਿਚੋਂ ਜੰਗਲੀ ਜਾਨਵਰਾਂ ਦੀ ਹੋਂਦ ਮਹਿਸੂਸ ਹੋਈ।ਇਕ ਪੁਰਾਣੀ ਘਟਨਾਂ ਨੂੰ ਯਾਦ ਕਰਕੇ ਉਹ ਥੋੜਾ ਜਿਹਾ ਡਰ ਗਈ।

ਉਸਨੂੰ ਯਾਦ ਆਇਆ ਕਿ ਦੋ ਸਾਲ ਪਹਿਲੇ,ਯਾਤਰਾ ਦੇ ਦੌਰਾਨ ਉਹ ਗੋਬਿੰਦ ਧਾਮ ਦੇ ਝਰਨੇਂ ਨੂੰ ਨੇੜਿਓਂ ਦੇਖਣ ਦੀ ਰੀਝ ਪੂਰੀ ਕਰਨ ਲਈ ਝਰਨੇਂ ਵਲ ਤੁਰੀ ਜਾ ਰਹੀ ਸੀ ਕਿ ਦੂਰੋਂ ਹੀ, ਹੇਮ ਕੁੰਟ ਸਾਹਿਬ ਵਲੋਂ ਆ ਰਿਹਾ ਇਕ ਘੋੜੇ ਵਾਲਾ ਆਦਮੀ ਉਸ ਨੂੰ ਜੋਰ ਜੋਰ ਦੀ ਆਵਾਜਾਂ ਦੇ ਕੇ ਰੁਕਣ ਲਈ ਦੁਹਾਈ ਪਾਉਣ ਲਗਿਆ।ਉਹ ਰੁਕ ਗਈ।ਝਰਨੇ ਵਲੋਂ ਨਜਰ ਹਟਾ ਕੇ ਪਹਾੜੀਏ ਵਲ ਦੇਖਣ ਲਗੀ ਤਾਂ ਉਸਦੀ ਨਜਰ ਨੇੜੇ ਹੀ ਇਕ ਪਾਸੇ ਪਏ ਬਹੁਤ ਹੀ ਵੱਡੇ ਗਲੇਸ਼ੀਅਰ ਦੇ ਥੱਲੇ ਉਸ ਪਾੜ ਉਤੇ ਪਈ ਜਿਸ ਵਿਚ ਕਿਸੇ ਘੋੜੇ,ਗਾਂ ਜਾਂ ਕਿਸੇ ਹੋਰ ਵੱਡੇ ਜਾਨਵਰ ਦੀ ਲਾਸ਼ ਪਈ ਸੀ।ਸਾਰੀ ਚਮੜੀ ਲੱਥੀ ਹੋਈ ਸੀ ।ਵਿਚੋਂ ਵਿਚੋਂ ਖਾਧਾ ਹੋਇਆ ਸੀ ਤੇ ਗਲੇਸ਼ੀਅਰ ਦੇ ਥੱਲੇ ਧੱਕ ਕੇ,ਰੱਖਿਆ ਹੋਇਆ ਸੀ।ਇਸ ਡਰਾਉਣੇ ਸੀਨ ਨੂੰ ਦੇਖਦਿਆਂ ਹੀ ਉਹ ਪਿੱਛੇ ਮੁੜ ਪਈ।ਨਾਲ ਹੀ ਨਾਲ ਉਸ ਨੂੰ ਇਹ ਖਿਆਲ ਵੀ ਆਇਆ ਕਿ ਐਨੇ ਵੱਡੇ ਜਾਨਵਰ ਦਾ ਸ਼ਿਕਾਰ ਕਰਨ ਵਾਲਾ ਕੌਣ ਹੋ ਸਕਦਾ ਹੈ?ਸ਼ਿਕਾਰ ਕਰਕੇ,ਸ਼ਿਕਾਰੀ ਆਪਣੇ ਸ਼ਿਕਾਰ ਤੋਂ ਦੂਰ ਨਹੀਂ ਹੋਵੇਗਾ।ਕਿਧਰੇ ਕੋਲ ਹੀ ਬੈਠਾ ਭੁੱਖ ਮਿਟਾ ਕੇ ਅਰਾਮ ਕਰ ਰਿਹਾ ਹੋਵੇਗਾ ਤੇ ਜੇ ਉਸਦੀ ਨਜ਼ਰ ਪੈ ਗਈ ਤਾਂ ਉਹ ਉਸਦਾ ਸ਼ਿਕਾਰ ਵੀ ਕਰ ਸਕਦਾ ਹੈ।ਸ਼ਿਕਾਰੀ ਦਾ ਸ਼ਿਕਾਰ ਹੋਣ ਤੋਂ ਘਬਰਾਈ ਹੋਈ ਉਹ ਵਾਹੋ ਦਾਹੀ ਦੌੜੀ ਜਾਂਦੀ ਯਾਤਰੀਆਂ ਨਾਲ ਰਲ ਕੇ ਗੋਬਿੰਦ ਧਾਮ ਪਹੁੰਚ ਗਈ।

ਇਸ ਘਟਨਾਂ ਦੀ ਯਾਦ ਨੇ ਉਸਨੂੰ ਇਕੱਲ ਵਿਚ ਜੰਗਲੀ ਜਾਨਵਰਾਂ ਦਾ ਅਹਿਸਾਸ ਕਰਵਾ ਦਿਤਾ।ਪਰ ਉਹ ਇਨ੍ਹਾਂ ਡਰਾਉਣੀਆਂ ਯਾਦਾਂ ਵਿਚੋਂ ਨਿਕਲਨਾਂ ਚਹੁੰਦੀ ਸੀ।ਸਤਿਗੁਰਾਂ ਦੇ ਚਰਨਾਂ ਵਿਚ ਸੁਰਤੀ ਟਿਕਾ ਕੇ ਉਸਨੇ ਸ਼ਬਦ ਪੜ੍ਹਨਾਂ ਸ਼ੁਰੂ ਕੀਤਾ।

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥

ਚਉਗਿਰਦ ਹਮਾਰੈ ਰਾਮ ਕਾਰ ਦੁਖ ਲਗੈ ਨ ਭਾਈ॥

ਸਤਿਗੁਰੂ ਜੀ ਦੇ ਪਿਆਰ ਵਿਚ ਲੀਨ ਹੋ ਕੇ ਉਸ ਨੇ ਸਰਵ ਸ਼ਕਤੀਮਾਨ ਨੂੰ ਅੰਗ ਸੰਗ ਮਹਿਸੂਸ ਕੀਤਾ।ਫਿਰ ਘੋੜੇ ਨੂੰ ਆਪਣਾਂ ਸਾਥੀ ਸਮਝਿਆ ਤੇ ਜਦੋਂ ਘੋੜੇ ਵਾਲੇ ਨੂੰ ਮਸਤੀ ਵਿਚ ਝੂਮਦਿਆਂ ਤੁਰੇ ਜਾਂਦਿਆਂ ਦੇਖਿਆ ਤਾਂ ਡਰ ਦਾ ਧੂਆਂ ਪਲਾਂ ਵਿਚ ਹੀ ਉਡ ਪੁਡ ਗਿਆ।ਸੁੰਦਰ ਵਾਦੀ ਦੇ ਨਜ਼ਾਰੇ ਵਿਚੋਂ

**ਬਲਿਹਾਰੀ ਕੁਦਰਤਿ ਵਸਿਆ॥**

ਦੇ ਧਿਆਨ ਵਿਚ ਮਗਨ ਹੋ ਗਈ।ਜਿਸ ਇਕੱਲ ਨੇ ਉਸਨੂੰ ਜੰਗਲੀ ਜਾਨਵਰਾਂ ਤੋਂ ਡਰਾਇਆ ਸੀ।ਉਹੀ ਇਕੱਲ ਹੁਣ ਪ੍ਰਭੂ-ਪ੍ਰੀਤਮ ਦੀ ਹੋਂਦ ਦਾ ਅਨੁਭਵ ਕਰਾ ਰਹੀ ਸੀ।

ਹੇਮ ਕੁੰਟ ਪਹੁੰਚ ਕੇ ਇਸ਼ਨਾਨ ਕਰਨ ਪਿਛੋਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲੱਗੀ ਤੇ ਫਿਰ ਸੋਟੀ ਫੜ ਕੇ ਸਰੋਵਰ ਦੇ ਕੰਢੇ ਕੰਢੇ ਤੁਰ ਪਈ।ਕੁਦਰਤ ਦੀ ਸੁੰਦਰਤਾ ਨੂੰ ਤੱਕ,ਉਹ ਸਿਰਜਨਹਾਰੇ ਦੀ ਯਾਦ ਵਿਚ ਜੋਗੀਆ ਰਾਗ ਦੇ ਕਰੁਣਾ-ਮਈ ਸੁਰਾਂ ਵਿਚ ਲੰਬੀਆਂ ਹੇਕਾਂ ਲਗਾ ਕੇ "ਵਾਹਿਗੁਰੂ-ਵਾਹਿਗੁਰੂ" ਅਲਾਪ ਰਹੀ ਸੀ। ਹੌਲੀ ਹੌਲੀ ਪਤਾ ਨਹੀਂ ਕਿਹੜੇ ਰਾਗ ਦੇ ਸੁਰਾਂ ਵਿਚ ਚਲੇ ਗਈ,ਜਿਹਨਾਂ ਵਿਚ ਸਿਰਫ ਪੁਕਾਰ ਹੀ ਪੁਕਾਰ ਸੀ,ਨਿਰੇ ਤਰਲੇ ਤੇ ਕਿਲਕਾਰੀਆਂ।ਸੱਚੇ ਪ੍ਰੀਤਮ ਤੋਂ ਵਿਛੜੀ ਹੋਈ ਜਨਮਾ ਜਨਮਾ ਤੋਂ ਬਿਰਹੋਂ-ਬਾਣ ਸਹਿੰਦੀ ਰੂਹ ਨੇ ਦਿਲ ਵਿਚ ਵੈਰਾਗ ਨੇ ਧੂਣੀ ਧੁਖਾਈ ਤੇ ਜਦੋਂ ਇਸ ਧੂਣੀ ਦਾ ਧੂਆਂ ਲਾਵਾ ਬਣ ਕੇ ਫੁੱਟਣ ਲੱਗਾ ਤਾਂ ਇਸ ਲਾਵੇ ਵਿਚੋਂ ਪਿਘਲ ਪਿਘਲ ਕੇ ਜਿਹੜੇ ਸੁਰ ਨਿਕਲਦੇ,ਉਨ੍ਹਾਂ ਦਾ ਦਰਦ ਸੰਭਾਲਿਆ ਨਹੀਂ ਸੀ ਜਾਂਦਾ।ਉਸ ਦੀ ਜ਼ਬਾਨ ਚੁਪ ਹੋ ਗਈ,ਗੱਚ ਭਰ ਗਿਆ।ਸੁੰਦਰਤਾ ਦੇ ਘੁੱਟ ਭਰਦੀਆਂ ਅੱਖੀਆਂ ਸਪਤਸ੍ਰਿੰਗ ਉਤੇ ਝੂਲਦੇ ਨਿਸ਼ਾਨ ਸਾਹਿਬਾਂ ਵਲ ਦੇਖਣ ਲੱਗੀਆਂ।ਫਿਰ ਪਹਾੜਾਂ ਦੀਆਂ ਕੁੰਦਰਾਂ ਫਰੋਲ ਫਰੋਲ,ਚੋਜੀ ਪ੍ਰੀਤਮ ਦੇ ਪੂਰਬਲੇ ਜਨਮ ਦੇ ਸਰੂਪ ਦੁਸ਼ਟ ਦਮਨ ਦੇ ਪੈਰਾਂ ਦੀ ਪੈੜ ਲੱਭਣ ਲੱਗੀਆਂ।ਮਹਾਂ ਤਪੱਸਵੀ ਦੀ ਚਰਨ ਧੂੜ ਮੱਥੇ ਉਤੇ ਲਾਉਣ ਲਈ ਤਰਸਣ ਲੱਗੀਆਂ। ਚਰਨ-ਧੂੜ...ਜੋ ਪਹਾੜ ਹਾਲੇ ਤਕ ਆਪਣੀ ਹਿੱਕ ਨਾਲ ਲਗਾਈ,ਸੰਭਾਲੀ ਬੈਠੇ ਹਨ।

ਗੁਰੂ ਦਰਸ਼ਨਾਂ ਲਈ ਸਧਰਾਇਆ ਮਨ ਕਹਿੰਦਾ;-"ਕਾਸ਼...! ਕਿਧਰੇ ਨਜਰੀਂ ਪੈ ਜਾਵੇ ਚਿਰੰਕਾਲ ਤੋਂ ਸਮਾਧੀ ਲੀਨ ਦੁਸ਼ਟ ਦਮਨ...!ਤਪੱਸਿਆ ਦੀਆਂ ਸਭ ਔਖੀਆਂ ਘਾਟੀਆਂ ਪਾਰ ਕਰਕੇ ਰੱਬ ਨਾਲ ਇਕ-ਮਿਕਤਾ ਪ੍ਰਾਪਤ ਕਰਨ ਪਿਛੋਂ ਦੋ ਤੋਂ ਇਕ ਰੂਪ ਹੋਇਆ ਦੁਸ਼ਟ ਦਮਨ...!ਤੇ ਉਸਦੇ ਸਾਹਮਣੇ ਖੜ੍ਹਾ ਹੋਵੇ ਅਕਾਲ ਪੁਰਖ...!ਦੀਨ ਦੁਨੀਆਂ ਦਾ ਵਾਲੀ ਦੁਸ਼ਟ ਦਮਨ ਨੂੰ ਮਾਤ-ਲੋਕ ਵਿਚ ਜਾ ਕੇ ਖਾਲਸਾ ਪੰਥ ਦੀ ਸਿਰਜਨਾਂ ਦਾ ਆਦੇਸ਼ ਦਿੰਦਾ ਹੋਵੇ...!"

'ਬਚਿਤਰ ਨਾਟਕ' ਵਿਚ ਲਿਖੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬਲੇ ਜਨਮ ਦੀ ਕਥਾ ਨੂੰ ਉਹ ਕਲਪਨਾ ਸ਼ਕਤੀ ਦੇ ਸਹਾਰੇ ਦੇਖਣ ਲੱਗੀ.....!ਕੀ ਦੇਖਦੀ ਹੈ ਕਿ ਅਕਾਲ ਪੁਰਖ ਦੁਸ਼ਟ-ਦਮਨ ਨੂੰ ਆਪਣੀ ਕਹਾਣੀ ਸੁਣਾ ਰਿਹਾ ਹੈ ਕਿ ਕਿਸ ਤਰ੍ਹਾਂ ਉਸਨੇ ਇਸ ਦੁਨੀਆਂ ਦੀ ਰਚਨਾ ਕੀਤੀ।ਇਥੋਂ ਦੇ ਜੀਵਾਂ ਨੂੰ ਸਿੱਧੇ ਰਸਤੇ ਪਾਉਣ ਲਈ ਉਸਨੇ ਕਈ ਦੇਵੀ ਦੇਵਤੇ ਭੇਜੇ,ਪਰ ਇੱਥੇ ਆ ਕੇ ਸਾਰੇ ਆਪਣੀ ਆਪਣੀ ਪੂਜਾ ਕਰਵਾਉਣ ਲੱਗੇ ਪਏ।ਕਰਤਾ ਪੁਰਖ ਦੇ ਸੰਦੇਸ਼ ਨੂੰ ਕਿਸੇ ਨੇ ਵੀ ਨਾ ਪਛਾਣਿਆਂ

ਅਦ੍ਰਿਸ਼ਟ ਅਗੋਚਰ ਅਕਾਲ ਪੁਰਖ ਦ੍ਰਿਸ਼ਟਾਂਤ ਪੈਦਾ ਕਰਨ ਲਈ ਦੁਸ਼ਟ ਦਮਨ ਦੇ ਸਾਹਮਣੇ ਅਕਾਰ ਰੂਪ ਵਿਚ ਪ੍ਰਗਟ ਹੋਇਆ।ਪ੍ਰਮ ਪਿਤਾ ਦੇ ਦਰਸ਼ਨ ਕਰਕੇ ਦੁਸ਼ਟ ਦਮਨ ਨਿਹਾਲ ਹੋ ਰਿਹਾ ਸੀ।ਪਰ ਦੂਜੇ ਪਾਸੇ ਸੱਚੇ ਸਾਹਿਬ ਦਾ ਆਦੇਸ਼ ਪੂਰਾ ਕਰਨ ਦੀ ਬਹੁਤ ਵੱਡੀ ਜਿੰਮੇਵਾਰੀ ਸੀ।ਦੁਨੀਆਂ ਦੇ ਘੋਰ ਅੰਧਕਾਰ ਵਿਚ ਜਾ ਕੇ ਉਸਨੇ ਪਿਤਾ-ਪਰਮੇਸ਼ਰ ਦੇ ਸੱਚੇ ਨਾਮ ਦੀਆਂ ਨੂਰਾਨੀ ਕਿਰਨਾ ਦੀ ਬੁਛਾੜ

ਕਰਨੀ ਸੀ ਅਤੇ ਇਸ ਮਹਾਨ ਕਾਰਜ ਦੀ ਪੂਰਤੀ ਲਈ ਉਸਨੂੰ ਸਪਤਸ੍ਰਿੰਗ ਦੀ ਹੁਸੀਨ ਵਾਦੀ ਅਤੇ ਸਮਾਧੀ ਲੀਨ ਅਵੱਸਥਾ ਦੇ ਪ੍ਰਮ-ਅਨੰਦ ਦਾ ਮਹਾਂ ਤਿਆਗ ਕਰਨਾ ਪੈਣਾ ਸੀ।ਦੁੱਖਾਂ ਦਰਦਾਂ ਦੀਆਂ ਜੰਜੀਰਾਂ ਨਾਲ ਜੱਕੜੀ ਹੋਈ ਦੁਨੀਆਂ ਵਿਚ ਜਾਣਾ ਪੈਣਾ ਸੀ, ਪਰ ਸੱਚੇ ਸਾਹਿਬ ਦੇ ਹੁਕਮ ਦੀ ਅਵੱਗਿਆ ਕਰਨ ਦਾ ਤਾਂ ਖਿਆਲ ਹੀ ਨਹੀਂ ਕੀਤਾ ਜਾ ਸਕਦਾ ਸੀ।ਸੋ ਪਰਮ-ਅਨੰਦ ਦੀ ਅਵੱਸਥਾ ਨੂੰ ਸਦਾ ਲਈ ਅੰਤਰ-ਆਤਮਾ ਨਾਲ ਜੋੜ ਕੇ **ਉਸਨੇ ਪ੍ਰਭੂ- ਪ੍ਰੀਤਮ ਦੇ ਹੁਕਮ ਅੱਗੇ ਸੀਸ ਝੁਕਾ ਦਿੱਤਾ ਅਤੇ ਸ਼ੁਭ ਕਰਮ ਕਰਨ ਦੇ ਵਰ ਮੰਗਦਾ ਹੋਇਆ,ਜ਼ੁਲਮ ਦਾ ਨਾਸ ਕਰਨ ਲਈ ਰਣ-ਜੂਝ ਮਰਨ ਦੇ ਚਾਓ ਨਾਲ ਭਰਿਆ ਹੋਇਆ ਦੁਸ਼ਟ-ਦਮਨ,ਪਿਤਾ ਸ੍ਰੀ ਗੁਰੂ ਤੇਗ ਬਹਾਦਰ ਤੇ ਮਾਤਾ ਗੁਜਰੀ ਜੀ ਦੇ ਘਰ ਆਣ ਪ੍ਰਗਟ ਹੋਇਆ।**

ਜਿਵੇਂ ਹੇਮਕੁੰਟ ਸਾਹਿਬ ਦੇ ਪਰਬਤਾਂ ਵਿਚ ਕਠਿਨ ਤਪੱਸਿਆ ਕਰਕੇ ਉਸਨੇ ਅਕਾਲ ਪੁਰਖ ਨੂੰ ਰੀਝਾਇਆ ਸੀ ਤਿਵੇਂ ਹੀ ਮਾਤ ਲੋਕ ਵਿਚ ਆ ਕੇ ਵੀ ਉਸਨੇ ਸੱਚੇ ਪਿਤਾ ਦੇ ਹੁਕਮ ਅਨੁਸਾਰ ਖਾਲਸਾ-ਪੰਥ ਦਾ ਬੂਟਾ ਬੀਜਣ ਵਾਸਤੇ ਬਾਲ-ਅਵੱਸਥਾ ਵਿਚ ਹੀ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਖੂਨ ਭੇਟ ਕਰਕੇ ਧਰਤੀ ਸਿੰਜੀ।ਫਿਰ ਵਿਸਾਖੀ ਵਾਲੇ ਦਿਨ ਪੰਜ ਸਿਰਾਂ ਦੇ ਬੀ ਬੀਜ ਕੇ ਖਾਲਸਾ ਪੰਥ ਦਾ ਬੂਟਾ ਲਗਾਇਆ।ਚਾਰ ਸਾਹਿਬਜ਼ਾਦੇ,ਪੁੱਤਰਾਂ ਤੋਂ ਵੀ ਵੱਧ ਪਿਆਰੇ ਅਨੇਕਾਂ ਸਿੰਘਾਂ,ਸਿੰਘਣੀਆਂ ਅਤੇ ਸਾਰੇ ਸਰਬੰਸ ਦੀਆਂ ਸ਼ਹੀਦੀਆਂ ਦਾ ਖੂਨ ਦੇ ਕੇ ਇਸ ਖਾਲਸਾ-ਪੰਥ ਰੂਪੀ ਬੂਟੇ ਨੂੰ ਸਿੰਜਿਆ।ਮਹਾਂ-ਤਿਆਗ,ਅਣਥੱਕ ਮਿਹਨਤ ਅਤੇ ਮਹਾਨ ਕੁਰਬਾਨੀਆਂ ਦੀ ਗੋਡੀ ਨਾਲ ਜਦੋਂ ਇਹ ਬੂਟਾ ਵੱਡਾ ਹੋ ਕੇ ਲਹਿ ਲਹਾਉਣ ਲੱਗਾ ਤਾਂ ਇਸ ਨੂੰ ਸੱਚ ਦੀ ਸੁਗੰਧੀ ਦੀਆਂ ਲਪਟਾਂ ਮਾਰਦੇ ਫੁੱਲ ਲੱਗੇ।ਕੁਰਬਾਨੀ ਦੇ ਖੇੜੇ ਨਾਲ ਡੁਲ੍ਹ ਡੁਲ੍ਹ ਪੈਂਦੇ ਫੁੱਲਾਂ ਦੇ ਨੂਰ ਨਾਲ ਹਰ ਪਾਸੇ ਜਗ-ਮਗਾਹਟ ਹੋ ਗਈ।ਭਗਤੀ ਦੀ ਸ਼ਕਤੀ ਦੇ ਰਸ ਨਾਲ ਰਸੇ ਹੋਏ ਇਲਾਹੀ ਫਲਾਂ ਦੀ ਸੁਗੰਧੀ ਨਾਲ ਚੁਗਿਰਦਾ ਮਹਿਕ ਉਠਿਆ।ਸੱਚ ਲਈ ਸਹਿਕਣ ਵਾਲੇ ਮਨਾ ਨੂੰ ਦੂਰੋਂ ਖਿੱਚਾਂ ਪਈਆਂ ਤੇ ਉਹ ਇਸ ਇਲਾਹੀ ਬੂਟੇ ਦੀ ਛਾਂ ਵਲ ਭੱਜੇ ਆਏ।

ਸੱਚ ਦਾ ਨੂਰ ਵੰਡਦਾ ਇਹ ਨੂਰਾਨੀ ਬੂਟਾ ਜਦੋਂ ਊਣੇ ਸੱਖਣੇ ਤੇ ਭੁੱਲੇ ਭਟਕੇ ਲੋਕਾਂ ਨੂੰ ਆਪਣੀ ਛਾਵੇਂ ਬਿਠਾ ਕੇ ਪੂਰੇ, ਭਰਪੂਰ ਅਤੇ ਅਕਾਲ ਪੁਰਖ ਦੀ ਮਨ-ਪਸੰਦ ਦੇ ਸੱਚੇ ਰਾਹ ਉਤੇ ਚੱਲਣ ਦੀ ਹਿੰਮਤ ਬਖਸ਼ਣ ਲੱਗਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ "ਮੇਰਾ ਬੂਟਾ"ਨਹੀਂ ਕਿਹਾ,ਸਗੋਂ ਇਸ ਨੂਰੀ ਬੂਟੇ ਨੂੰ ਅਕਾਲ ਪੁਰਖ ਦਾ ਬੂਟਾ ਦਸਿਆ।ਸਾਡਾ ਕਲਗੀਧਰ ਪਾਤਿਸ਼ਾਹ ਦੁਨੀਆਂ ਦੇ ਘੋਰ ਦੁੱਖਾਂ ਵਿਚ ਫਸ ਕੇ ਭੀ ਅੰਦਰੋਂ ਆਪਣੇ ਸੱਚੇ ਪਿਤਾ ਨਾਲ ਜੁੜ ਕੇ ਅਨੰਦ ਮਈ ਅਵੱਸਥਾ ਹੰਢਾਉਂਦਾ ਰਿਹਾ।ਤਦੇ ਹੀ ਤਾਂ ਤਲਵਾਰਾਂ ਦੀ ਛਾਂ ਥੱਲੇ ਦੁਸ਼ਮਣਾਂ ਦੀਆਂ ਟਿੱਡੀ ਦਲ ਵਰਗੀਆਂ ਫੌਜਾਂ ਚੀਰਦਾ ਹੋਇਆ ਵੀ ਉਹ ਅਕਾਲ ਪੁਰਖ ਦੀ ਮਹਿਮਾ ਵਿਚ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਗੁੰਜਾਉਂਦਾ ਹੋਇਆ ਨਿਹਾਲ ਹੋਇਆ ਕਰਦਾ ਸੀ।

ਅੰਤਰ ਆਤਮੇ ਅਕਾਲ ਪੁਰਖ ਨਾਲ ਜੁੜ ਕੇ,ਉਹ ਪਰਮ-ਪੁਰਖ ਦਾ ਦਾਸ ਸੰਸਾਰ ਦੇ ਭਿਅੰਕਰ ਦੁੱਖਾਂ ਦਾ ਹੱਸ ਕੇ ਮੁਕਾਬਲਾ ਕਰਦਾ ਸੀ।ਦੁੱਖਾਂ-ਗ੍ਰਸੀ ਦੁਨੀਆਂ ਨੂੰ ਇਕ ਖੇਲ ਤਮਾਸ਼ਾ ਸਮਝ ਕੇ ਆਖਦਾ ਸੀ..

**ਮੈਂ ਹੂੰ ਪਰਮ ਪੁਰਖ ਕਾ ਦਾਸਾ॥**

**ਦੇਖਨਿ ਆਯੋ ਜਗਤ ਤਮਾਸਾ॥**

( ਦਸਮ ਗ੍ਰੰਥ-੫੭ )

ਪਿਤਾ ਪਰਮੇਸ਼ਰ ਦਾ ਦਾਸ ਬਣ ਕੇ ਜੀਊਣ ਵਾਲਾ ਸਾਡਾ ਚੋਜੀ ਪ੍ਰੀਤਮ ਆਪਣੇ ਆਪ ਨੂੰ ਪੂਜੇ ਜਾਣ ਦੀ ਸਖਤ ਵਿਰੋਧਤਾ ਕਰਦਾ ਸੀ।ਜਦੋਂ ਲੋਕੀਂ ਉਸਦੀ ਇਲਾਹੀ ਸੂਰਤ ਵਿਚੋਂ ਝਲਕਦੇ ਚੜ੍ਹਦੀ ਕਲਾ ਦੇ ਰੰਗ ਦੇਖ ਕੇ ਉਸ ਉਤੇ ਲੱਟੂ ਹੋਏ ਬਿਨਾ ਨਾ ਰਹਿ ਸਕਦੇ ਤਾਂ ਉਹ ਪਿਆਰ ਨਾਲ ਝਿੜਕਦਾ-

**ਜੋ ਹਮ ਕੌ ਪਰਮੇਸਰ ਉਚਰਿ ਹੈਂ॥**

**ਤੇ ਸਭ ਨਰਕ ਕੁੰਡ ਮਹਿ ਪਰਿ ਹੈਂ॥** (ਦਸਮ ਗ੍ਰੰਥ-੫੭ )

'ਆਪੇ ਗੁਰ ਚੇਲਾ' ਦੀ ਨਿਆਰੀ ਰਸਮ ਚਲਾਉਣ ਲਈ ਉਸਨੇ ਖਾਲਸਾ ਪੰਥ ਦੀ ਸਿਰਜਨਾਂ ਵੇਲੇ ਪਹਿਲਾਂ ਸਿੰਘਾਂ ਕੋਲੋਂ ਸੀਸ ਮੰਗ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਦਾ ਗੁਰੂ ਬਣਿਆ ਤੇ ਫਿਰ ਉਨ੍ਹਾਂ ਪੰਜਾਂ ਅੱਗੇ ਸਰਬੰਸ ਭੇਟਾ ਕਰਨ ਦਾ ਵਾਇਦਾ ਕਰਕੇ ਉਨ੍ਹਾਂ ਦਾ ਚੇਲਾ ਬਣ ਕੇ ਉਨ੍ਹਾਂ ਕੋਲੋਂ ਅੰਮ੍ਰਿਤ ਪਾਨ ਕੀਤਾ।

ਦਿਲ ਵਿਚ ਅਕਾਲ ਪੁਰਖ ਅਤੇ ਉਸਦੇ ਆਗਿਆਕਾਰੀ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਸਮਾਈ ਹੋਈ ਸੀ ਕਿ ਉਸ ਬੀਬੀ ਦਾ ਧਿਆਨ ਉਸ ਸਮੇ ਦੇ ਜ਼ਾਲਿਮ ਹਾਕਮ ਔਰੰਗਜੇਬ ਵਲ ਚਲੇ ਗਿਆ।ਪੰਥ ਦੇ ਦੋਖੀਆਂ ਦੇ ਵਰਤਮਾਨ ਇਤਿਹਾਸ ਦੀਆਂ ਝਾਕੀਆਂ ਉਸਦੀਆਂ ਮਨ-ਅਖੀਆਂ ਅੱਗੇ ਘੁੰਮਣ ਲਗੀਆਂ।ਕੀ ਦੇਖਦੀ ਹੈ ਕਿ ਸ਼ਹੀਦਾਂ ਅਤੇ ਮਸੂਮਾਂ ਦੇ ਖ਼ੂਨ ਦੀਆਂ ਨਦੀਆਂ ਵਿਚ ਤਰਦੀਆਂ ਹਾਕਮਾਂ ਦੀਆਂ ਕੁਰਸੀਆਂ ਉਤੇ ਕਈ ਔਰੰਗਜੇਬ ਬੈਠੇ ਹੋਏ ਹਨ,ਜਿਹੜੇ ਪਹਿਲਾਂ ਨਾਲੋਂ ਵੀ ਵੱਧ ਕਸਾਈ ਹਨ।ਨਿਰਦਈ ਅਤੇ ਅਤਿਆਚਾਰੀ ਹਨ।ਰੱਬ ਦੇ ਪਿਆਰਿਆਂ ਦੀਆਂ ਲਾਸ਼ਾਂ ਦੇ ਢੇਰ ਲਗਾ ਕੇ ਕਲਯੁਗੀ ਹਾਕਮ ਸੱਚ ਦੇ ਰਾਹੀਆਂ ਨੂੰ ਖਤਮ ਕਰਨ ਜਾਂ ਉਨ੍ਹਾਂ ਨੂੰ ਦਬਾ ਲੈਣ ਦਾ ਭੁਲੇਖਾ ਖਾ ਕੇ ਖੁਸ਼ ਹੋ ਰਹੇ ਹਨ।ਸ਼ਹੀਦਾਂ ਦੇ ਖ਼ੂਨ ਵਿਚ ਨਹਾ ਕੇ ਉਨ੍ਹਾਂ ਨੂੰ ਸ਼ਾਹੀ ਫੁਰਮਾਨ ਦੀ ਠੀਕ ਢੰਗ ਨਾਲ ਪਾਲਣਾ ਹੋ ਜਾਣ ਦੀ ਤਸੱਲੀ ਹੁੰਦੀ ਹੈ।ਪੋਰ੍ਹਾ ਪੋਰ੍ਹਾ ਕਰਕੇ ਬਣਾਏ ਲੋਕਾਂ ਦੇ ਘਰਾਂ ਤੇ ਜਾਇਦਾਦਾਂ ਨੂੰ ਧੂਏਂ ਦੇ ਬੱਦਲ ਬਣਾ ਕੇ ਉਡਾਉਣ ਵਾਲੇ ਹਾਕਮ,ਆਪ ਉਡਣ ਖਟੋਲਿਆਂ ਵਿਚ ਬੈਠੇ ਉਪਰੋਂ ਧਰਤੀ ਉਤੇ ਅੱਧ-ਸੜੀਆਂ ਲਾਸ਼ਾਂ ਦੇਖਦੇ ਹਨ। ਅੱਧ-ਪਚੱਧੀਆਂ ਲਾਸ਼ਾਂ ਨੂੰ ਕੁੱਤੇ ਘਸੀਟਦੇ ਦੇਖ ਇਹਨਾਂ ਦੇ ਦਰਦ-ਵਿਹੂਣੇ ਦਿਲਾਂ ਉਤੇ ਕੋਈ ਅਸਰ ਨਹੀਂ ਹੁੰਦਾ।ਭਗਤਾਂ ਦੇ ਦੋਖੀ ਹਰਣਾਖਸ਼ਾਂ ਨੂੰ ਆਪਣੀ ਪੂਜਾ ਕਰਵਾ ਕੇ ਰੱਜ

ਨਹੀਂ ਆ ਰਿਹਾ ਅਤੇ ਉਹ ਪ੍ਰਹਿਲਾਦਾਂ ਨੂੰ ਤੱਤੇ ਥੰਮਾਂ ਨਾਲ ਬੰਨ ਕੇ ਸੱਚਾ ਨਾਮ ਧਿਆਉਣ ਦੀ ਸਜ਼ਾ ਦੇ ਰਹੇ ਹਨ ਹੈ।ਹਰ ਪਾਸੇ ਕਾਲੇ ਝੂਠ ਦੀ ਕਾਲਖ ਫੈਲੀ ਹੋਈ ਹੈ।ਸੱਚ ਦੀ ਕਿਰਨ ਕਿਧਰੇ ਨਜਰੀਂ ਨਹੀਂ ਪੈਂਦੀ ਤੇ ਇਸ ਝੂਠ ਦੇ ਅੰਧਕਾਰ ਵਿਚ ਫਸੀ ਦੁਨੀਆਂ ਸ਼ਕਤੀਸ਼ਾਲੀ ਹਰਣਾਖਸ਼ਾਂ ਦੀ ਪੂਜਾ ਕਰਨ ਵਿਚ ਮਗਨ ਹੋ ਕੇ ਪ੍ਰਹਿਲਾਦਾਂ ਦੇ ਖ਼ੂਨ ਦੀ ਪਿਆਸੀ ਹੋਈ ਪਈ ਹੈ।ਰੱਬ ਦੀ ਭਗਤੀ ਦੀ ਥਾਂ ਹਰਣਾਖਸ਼ਾਂ ਦੀ ਸ਼ਕਤੀ ਦੀ ਭਗਤੀ ਹੋ ਰਹੀ ਹੈ।ਹਰਣਾਖਸ਼ਾਂ ਦੀ ਖੁਸ਼ੀ ਲੈਣ ਵਾਸਤੇ ਸੋਹਲੇ ਗਾਏ ਜਾਂਦੇ ਹਨ।ਦੁਨੀਆਂ ਭਰ ਦੇ ਵਿਸ਼ੇਸ਼ਣ ਉਨ੍ਹਾਂ ਦੇ ਉਸਤਤੀ-ਗੀਤਾਂ ਵਿਚ ਗਾਉਂਦਿਆਂ ਲੋਕਾਂ ਦੇ ਗਲੇ ਬੈਠ ਗਏ ਹਨ।

ਘੋਰ ਅਤਿਆਚਾਰਾਂ ਦੇ ਸੀਨ ਉਸਦੀਆਂ ਅੱਖੀਆਂ ਅੱਗੇ ਫਿਰ ਗਏ।ਓਹ ਦੁੱਖਾਂ ਦੇ ਵਹਿਣਾ ਵਿਚ ਵਹਿ ਗਈ।ਕਹਿਰੀ ਪਲਾਂ ਦੀਆਂ ਝਾਕੀਆਂ ਅੱਖੀਆਂ ਅੱਗੋਂ ਜਾਣ ਹੀ ਨਾ...।ਦਿਲ ਕਰੇ...ਅਕਾਲ ਪੁਰਖ ਦੇ ਚਰਨਾਂ ਵਿਚ ਰੋ ਰੋ ਕੇ ਦੁਖੜੇ ਸੁਣਾ ਕੇ ਹਲਕੀ ਹੋ ਲਵੇ।ਕਾਸ਼....!ਕਿਤੇ ਮਿਲੇ ਤਾਂ ਉਸਨੂੰ ਆਖੇ ਕਿ ਤੂੰ ਭੇਜ ਕੋਈ ਮਹਾਂ-ਤਪੱਸਵੀ ਜਿਹੜਾ ਅੱਜ ਦੇ ਔਰੰਗਜੇਬਾਂ ਦਾ ਨਾਸ ਕਰਨ ਦੇ ਕਾਬਿਲ ਹੋਵੇ।ਤੂੰ ਭੇਜ..!ਕੋਈ ਦੁਸ਼ਟ-ਦਮਨ...ਜਿਹੜਾ ਸਾਡਾ ਚੋਜੀ ਪ੍ਰੀਤਮ ਬਣ.....! ਆ ਕੇ ਸਾਡੀ ਬਾਂਹ ਫੜ ਲਵੇ...!

ਆਪਣੇ ਹੀ ਖਿਆਲਾਂ ਵਿਚ ਮਸਤ ਸਰੋਵਰ ਦ ਕੰਢੇ ਤੁਰੀ ਜਾ ਰਹੀ ਸੀ ਕਿ ਮੌਸਮ ਦੇ ਖਰਾਬ ਹੋਣ ਦੇ ਡਰ ਕਾਰਨ ਘੋੜੇ ਵਾਲੇ ਨੇ ਵਾਪਿਸ ਜਾਣ ਲਈ ਕਿਹਾ।ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਮੱਥਾ ਟੇਕ ਕੇ ਵਾਪਿਸ ਮੁੜ ਗਈ।

ਚੋਜੀ ਪ੍ਰੀਤਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਪਪੀਹੇ ਵਾਲੀ ਪਿਆਸ ਨਾਲ,ਉਹ ਦੂਜੇ ਦਿਨ ਫਿਰ ਪਰਬਤਾਂ,ਨਦੀਆਂ,ਝਰਨਿਆਂ ਅਤੇ ਫੁਲਾਂ ਪਤਿਆਂ ਨਾਲ ਸਿਮਰਨ ਦੀ ਸਾਂਝ ਕਰਦੀ ਹੋਈ,ਦੁਸ਼ਟ-ਦਮਨ ਦੇ ਰਾਹਾਂ ਦੀ ਧੂੜ ਮੱਥੇ ਨੂੰ ਲਗਾਉਂਦੀ ਹੋਈ ਹੇਮਕੁੰਟ ਸਾਹਿਬ ਪਹੁੰਚੀ। ਇਸ਼ਨਾਨ ਕੀਤਾ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠ ਕੇ ਹੁਕਮਨਾਮਾ ਲੈ ਕੇ ਨਿਹਾਲ ਹੋਈ ਅਤੇ ਫਿਰ ਉਹ ਅੰਮ੍ਰਿਤ-ਸਰੋਵਰ ਦੇ ਕੰਢੇ ਕੰਢੇ ਤੁਰਦੀ ਹੋਈ ਚੌਥੀ ਚੋਟੀ ਵਲ ਤੁਰ ਪਈ।ਤਪੋ-ਅਸਥਾਨ ਦੀ ਸੁੰਦਰਤਾ ਅਤੇ ਭਗਤੀ ਦਾ ਰੰਗ ਦੋਨੋਂ ਮਿਲਕੇ ਉਸਨੂੰ ਸਰੋਵਰ ਦੇ ਪਰਲੇ ਕੰਢੇ ਜਾਣ ਲਈ ਪ੍ਰੇਰਨ ਲਗੇ।ਕੁਝ ਦੂਰ ਜਾ ਕੇ ਉਹ ਸਭ ਕੁਝ ਭੁੱਲ ਕੇ ਕੁਦਰਤ ਦੇ ਰੰਗਾਂ ਵਿਚ ਰੰਗੀ ਗਈ।ਉਸਨੂੰ ਕੁਦਰਤ ਨਾਲ ਇਕ ਸੁਰ ਹੋਣ ਦਾ ਅਨੁਭਵ ਹੋਇਆ।ਕੋਸੀ ਧੁੱਪ ਵਿਚ ਚੈਨ ਦੇ ਸਾਹ ਲੈਂਦੀ ਹੋਈ ਉਹ ਸਰੋਵਰ ਦੇ ਕੰਢੇ ਜਾ ਕੇ ਇਕ ਥਾਂ ਖੜ੍ਹ ਗਈ।ਚਾਰੋਂ ਪਾਸੇ ਨਜ਼ਰਾਂ ਫੇਰੀਆਂ ਤਾਂ ਸਰਲਤਾ,ਸਵੱਛਤਾ,ਨਿਰਮਲਤਾ,ਪਵਿੱਤਰਤਾ ਅਤੇ ਸ਼ੀਤਲਤਾ ਦਾ ਸੋਮਾ ਅੰਮ੍ਰਿਤ-ਕੁੰਢ ਸ਼ੀਸ਼ੇ ਵਾਂਗੂੰ ਚਮਕਦਾ ਫਰਸ਼ ਨਜ਼ਰੀਂ ਆਇਆ,ਜਿਸਦੇ ਆਲੇ ਦੁਆਲੇ ਭਗਤੀ-ਰਸ ਨਾਲ ਨੁੱਚੜਦੇ ਪਹਾੜਾਂ ਦੀਆਂ ਕੰਧਾਂ ਅਤੇ ਉਪਰ ਨਾਮ-ਰਸ ਦੇ ਕਿਣਕੇ ਕੇਰਦੀ ਨੀਲੇ ਅੰਬਰ ਦੀ ਛੱਤ ਦਿਖਾਈ ਦਿੱਤੀ। ਇਲਾਹੀ ਰੰਗਾਂ ਦੀ ਬੁਛਾੜ ਵਿਚ ਭਿੱਜੀ ਹੋਈ ਨੇ ਕੁਦਰਤ ਨੂੰ ਕਾਦਰ ਦੇ ਗੀਤ ਗਾਉਂਦਿਆਂ ਸੁਣਿਆ। ਉਹ ਆਪ ਵੀ ਕੁਦਰਤ ਦੀ ਹੇਕ ਨਾਲ ਹੇਕ ਮਿਲਾ ਕੇ ਗਾਉਣ ਲੱਗ ਪਈ...

**ਤੇਰਾ ਥਾਨ ਸੁਹਾਵਾ ਰੂਪੁ ਸੁਹਾਵਾ॥ਤੇਰੇ ਭਗਤ ਸੋਹਹਿ ਦਰਬਾਰੇ॥**

( ਧਨਾਸਰੀ,ਮ:੫,ਪੰਨਾ ਨੰ:੬੭੦ )

ਦੁਸ਼ਟ ਦਮਨ ਦੇ ਦਰਸ਼ਨ ਦੀਦਾਰਿਆਂ ਲਈ ਕੂਕ-ਪੁਕਾਰਾਂ ਉਸਦੇ ਸੁਰਾਂ ਰਾਹੀਂ ਕਰੁਣਾ-ਰਸ ਦੇ ਛੱਟੇ ਦੇਣ ਲੱਗੀਆਂ। ਸੱਚੇ ਸਾਂਈ ਨੂੰ ਇਕੱਲ ਵਿਚੋਂ ਲੱਭਦੀ ਹੋਈ ਦੇ ਸੀਨੇ ਵਿਚੋਂ ਨਿਕਲਦੀਆਂ ਤੇਜ਼ ਤਰਾਟਾਂ ਪਹਾੜੋਂ ਡਿਗਦੇ ਝਰਨਿਆਂ ਵਾਂਗ ਉਛਾਲੇ ਮਾਰਦੀਆਂ ਦਿਲ-ਧਰਤੀ ਦੇ ਕੰਢੇ ਭੋਰ,ਹੰਝੂਆਂ ਹਉਕਿਆਂ ਰਾਹੀਂ ਬਾਹਰ ਨਿਕਲਦੀਆਂ।

ਤਪੋ ਸਥਾਨ ਦੀ ਧਰਤੀ ਦੇ ਰੰਗ ਵਿਚ ਰੰਗੀ ਹੋਈ ਉਹ ਸਰੋਵਰ ਦੇ ਕੰਢੇ ਤੁਰੀ ਜਾ ਰਹੀ ਸੀ ਕਿ ਉਸਨੂੰ ਜਾਪਿਆ ਜਿਵੇਂ ਉਸਨੂੰ ਉਹ ਥਾਂ ਲੱਭ ਪਈ ਹੋਵੇ ਜਿਥੇ ਬੈਠ ਕੇ **"ਸਭਨਾ ਜੀਆ ਕਾ ਇਕੁ ਦਾਤਾ"** ਸਾਰੇ ਸੰਸਾਰ ਦੀ ਸੰਭਾਲ ਕਰਦਾ ਪਿਆ ਹੈ।ਉਸ ਸਥਾਨ ਦੇ ਕਣ-ਕਣ ਨੂੰ ਜੀਭਾਂ ਲਗੀਆਂ ਹੋਈਆਂ ਹਨ ਅਤੇ ਹਰ ਇਕ ਜੀਭ ਨਾਮ-ਰਸ ਦੇ ਘੁੱਟ ਭਰਦੀ ਪਈ ਹੈ।ਸਪਤਸ੍ਰਿੰਗ ਦੇ ਪਰਲੇ ਪਾਰ ਸਿੱਧ ਮੁਨੀ ਯੋਗੀ ਅਤੇ ਤਪੀਸ਼ਰ ਸੁੰਨ-ਸਮਾਧੀਆਂ ਲਗਾਈ ਬੈਠੇ ਹਨ।ਖੰਡ,ਮੰਡਲ,ਬ੍ਰਹਮੰਡ ਵੀ ਉਸ ਉਚੇ ਅਗਮ ਅਪਾਰ ਦੀ ਲਿਵ ਵਿਚ ਲੀਨ ਹੈ।

ਉਥੇ ਇੱਕ ਫਟੇ ਹੋਏ ਗਲੇਸ਼ੀਅਰ ਦੇ ਥੱਲੇ ਇਕ ਘੁਰਨਾ ਜਿਹਾ ਬਣਿਆ ਹੋਇਆ ਸੀ।ਕੁਦਰਤ ਦੇ ਗੋਹਜ ਜਾਨਣ ਲਈ ਤਰਸਦੀਆਂ ਅੱਖੀਆਂ ਗਲੇਸ਼ੀਅਰ ਦੇ ਪਾੜ ਵਾਲੀ ਥਾਂ ਉਤੇ ਟਿਕ ਗਈਆਂ।

ਕਹੂੰ ਫੂਲਿ ਰਾਜਾ ਹੈ ਬੈਠਾ ॥

ਕਹੂੰ ਸਿਮਟਿ ਭਇਓ ਸੰਕਰ ਇਕੈਠਾ॥

ਇਉਂ ਲੱਗਿਆ,ਜਿਵੇਂ ਖੰਡਾਂ ਬ੍ਰਹਮੰਡਾਂ ਦਾ ਵਾਲੀ,ਅਦ੍ਰਿਸ਼ਟ ਅਗੋਚਰ ਦਾਤਾਰ ਪਿਤਾ ਸਿਮਟ ਕੇ ਇਕੱਠਾ ਹੋ ਗਿਆ ਹੋਵੇ ਅਤੇ ਉਸਨੇ ਉਸ ਗਲੇਸ਼ੀਅਰ ਥੱਲੇ ਠੰਡੀ ਮਿੱਠੀ ਲੁਕਵੀਂ ਥਾਵੇਂ ਡੇਰੇ ਲਗਾ ਲਏ ਹੋਣ,ਸੱਚਾ ਸਾਹਿਬ ਗਲੇਸ਼ੀਅਰ ਥੱਲੇ ਇਕ ਧਰਮੀ ਰਾਜੇ ਦੇ ਦਰਬਾਰ ਦੀ ਸ਼ੋਭਾ ਵਧਾਉਣ ਲਈ ਹਾਜ਼ਰ ਹੈ। ਧਰਮੀ ਰਾਜਾ ਜਿਸਦੇ ਦਰਬਾਰ ਵਿਚ ਸੱਚੇ ਸਾਈਂ ਦੇ ਸੋਹਲੇ ਗਾਏ ਜਾ ਰਹੇ ਹਨ,ਉਥੇ ਹਰ ਕੋਈ ਨਾਮ-ਰਸ ਦੇ ਸਾਗਰਾਂ ਵਿਚ ਤਾਰੀਆਂ ਲਗਾ ਰਿਹਾ ਹੈ।ਗਲੇਸ਼ੀਅਰ ਦੇ ਥੱਲਿਓਂ ਆ ਰਹੇ ਪਾਣੀ ਰਾਹੀਂ ਅੰਦਰ ਹੋ ਰਹੇ ਕੀਰਤਨ ਦੀਆਂ ਧੁਨੀਆਂ ਆ ਰਹੀਆਂ ਸਨ।ਨਜ਼ਰਾਂ ਗਲੇਸ਼ੀਅਰ ਦੇ ਪਾੜ ਵਿਚ ਝਾਕਦੀਆਂ ਰਹੀਆਂ।ਇਲਾਹੀ ਸੰਗੀਤ ਦੀ ਕਲਪਨਾ ਕਰਕੇ ਉਸਨੂੰ ਐਨੀ ਮਿਠਾਸ ਅਤੇ ਅਨੰਦ ਦੀ ਪ੍ਰਾਪਤੀ ਹੋਈ ਕਿ ਉਸਨੂੰ ਆਪਣੀ ਅਵਾਜ਼, ਉਸ ਚੁੱਪ ਦੇ ਸੰਗੀਤ ਵਿਚ ਖਲਲ ਪਾਉਂਦੀ ਮਹਿਸੂਸ ਹੋਣ ਲੱਗੀ। ਉਸਨੇ ਗੁਣਗੁਣਾਉਣ ਦੀ ਥਾਂ ਚੁੱਪ ਧਾਰ ਲਈ ਅਤੇ ਕੁਦਰਤ ਦੇ ਸੰਗੀਤ ਨੂੰ ਇਕ ਮਨ-ਚਿੱਤ ਹੋ ਕੇ ਸੁਨਣ ਲੱਗੀ।ਤੁਰੀ ਜਾਂਦੀ ਦੇ ਪੈਰਾਂ ਦਾ ਠੱਪ ਠੱਪ ਅਤੇ ਸੋਟੀ ਦੀ ਠੱਕ ਠੱਕ ਵੀ ਰੰਗ ਵਿਚ ਭੰਗ ਪਾਉਂਦੀ ਜਾਪਣ ਲਗੀ ਤਾਂ ਉਸਨੇ ਦੱਬੇ ਪੈਰੀਂ ਸੋਟੀ ਤੋਂ ਬਿਨਾ ਤੁਰਨਾ ਸ਼ੁਰੂ ਕਰ ਦਿਤਾ।

ਸਰੋਵਰ ਦੇ ਆਲੇ ਦੁਆਲੇ ਉਗੀਆਂ ਜੜੀਆਂ ਬੂਟੀਆਂ ਦੇ ਨਿੱਕੇ ਨਿੱਕੇ ਕਈ ਰੰਗਾਂ ਦੀ ਭਾਅ ਮਾਰਦੇ ਪੱਤੇ,ਫੁੱਲਾਂ ਤੋਂ ਵੀ ਵੱਧ ਸੋਹਣੇ ਅਤੇ ਨਾਜ਼ਕ ਨਜਰੀਂ ਆਉਂਦੇ ਸਨ।ਉਨ੍ਹਾਂ ਸੋਹਣਿਆਂ ਨਿੱਕੜਿਆਂ ਉਤੇ ਪੈਰ ਧਰਨ ਦਾ ਹੌਸਲਾ ਨਾ ਪਵੇ।ਜਿਥੇ ਜਿਥੇ ਉਨ੍ਹਾਂ ਸੋਹਣਿਆਂ ਦਾ ਲੇਫ ਨਹੀਂ ਸੀ ਵਿਛਿਆ ਹੋਇਆ,ਉਥੇ ਉਥੇ ਪੈਰ ਰੱਖ ਕੇ ਉਹ ਅੱਗੇ ਤੁਰਨ ਲੱਗੀ।

ਅੰਮ੍ਰਿਤ-ਸਰੋਵਰ ਦੀ ਸਵੱਛਤਾ ਨੇ ਸਰੋਵਰ ਦੀ ਡੂੰਘਾਈ ਨੂੰ ਲੁਕਾਇਆ ਹੋਇਆ ਸੀ।ਥੱਲਵੀਂ ਤਹਿ ਬਿਲਕੁਲ ਸਾਫ ਦਿਖਾਈ ਦੇ ਰਹੀ ਸੀ ਪਰ ਉਹ ਜਾਣਦੀ ਸੀ ਕਿ ਪਾਣੀ ਬਹੁਤ ਡੂੰਘਾ ਹੈ,ਹਵਾ ਦੇ ਦਬਾਓ ਨਾਲ ਅੰਮ੍ਰਿਤ ਜਲ ਵਿਚ ਬਣਦੀਆਂ ਲਹਿਰਾਂ,ਕੰਢੇ ਉਤੇ ਪਏ ਪੱਥਰਾਂ ਨਾਲ ਟਕਰਾ ਕੇ 'ਵਾਹਿਗੁਰੂ' ਕਹਿੰਦੀਆਂ।ਗਹਿਰੀ ਰਸੀਲੀ ਭਰਵੀਂ ਮੰਦਰ ਸਪਤਕ ਦੀ ਅਵਾਜ਼ ਵਿਚ ਲਹਿਰਾਂ ਦੀ ਤਾਲ ਅਤੇ ਸੁਰਾਂ ਨਾਲ ਇਕ ਸੁਰ ਹੋ ਕੇ ਉਸਦੇ ਦਿਲ ਦੀਆਂ ਗਹਿਰਾਈਆਂ ਵਿਚੋਂ 'ਵਾਹਿਗੁਰੂ ਵਾਹਿਗੁਰੂ' ਸਿਮਰਣ ਚੱਲ ਰਿਹਾ ਸੀ।ਥੋੜੀ ਦੂਰੋਂ ਇਕ ਦਿਲ ਖਿਚਵੀਂ ਅਵਾਜ਼ ਨੇ ਧੂਅ ਪਾਈ।ਛੇਤੀ ਛੇਤੀ ਪੈਰ ਪੁੱਟਦੀ ਉਥੇ ਪਹੁੰਚੀ ਤਾਂ ਕੀ ਦੇਖਦੀ ਹੈ ਕਿ ਗਲੇਸ਼ੀਅਰ ਨਾਲ ਰੁੜ੍ਹ ਕੇ ਆਏ ਪੱਥਰਾਂ ਦੇ ਬਹੁਤ ਵੱਡੇ ਢੇਰਾਂ ਹੇਠੋਂ ਦੀ ਵਹਿ ਕੇ ਆਇਆ ਪਾਣੀ ਦਾ ਝਰਨਾ ਅੰਮ੍ਰਿਤ ਸਰੋਵਰ ਵਿਚ ਮਿਲ ਰਿਹਾ ਹੈ।ਮਸੀਂ ਦੋ ਤਿੰਨ ਫੁੱਟ ਦੀ ਥਾਂ ਵਿਚ ਦਿਸਣ ਵਾਲਾ ਪਾਣੀ ਪਤਾ ਨਹੀਂ ਕਿਹੜੀ ਚੋਟੀ ਤੋਂ ਪੱਥਰਾਂ ਦੇ ਹੇਠੋਂ ਦੀ ਰਸਤਾ ਬਣਾਉਂਦਾ ਹੋਇਆ ਅੰਮ੍ਰਿਤ ਸਰੋਵਰ ਵਿਚ ਮਿਲ ਜਾਣ ਲਈ ਦੌੜਿਆ ਆ ਰਿਹਾ ਸੀ।ਪਰਬਤਾਂ ਦੀ ਚੁੱਪ ਵਿਚ ਝਰਨੇ ਦੇ ਪਾਣੀ ਦੇ ਤੇਜ ਰੋੜ ਨਾਲ ਬਹੁਤ ਛੋਟੇ ਛੋਟੇ ਪੱਥਰ ਰੁੜ੍ਹਦੇ ਹੋਏ ਵਡੇ ਪਥਰਾਂ ਨਾਲ ਟਕਰਾਉਂਦੇ ਤੇ ਮਿੱਠੀ ਮਿੱਠੀ ਟੁਣਕਾਰ ਪੈਦਾ ਕਰਦੇ ਹੋਏ ਅਗੇ ਤੋਂ ਅਗੇ ਜਾਂਦੇ ਅੰਮ੍ਰਿਤ ਸਰੋਵਰ ਵਿਚ ਜਾ ਵੜਦੇ।ਇਿਸ ਟੁਣਕਾਰ ਨੇ ਉਸਦੇ ਦਿਲ ਦੀਆਂ ਤਰਬਾਂ ਨੂੰ ਐਸਾ ਛੇੜਿਆਂ ਕਿ ਉਹ ਉਥੇ ਹੀ ਖੜ੍ਹ ਗਈ।ਫਿਰ ਉਹ ਅਜਿਹੀ ਕਿਸੇ ਹੋਰ ਟੁਣਕਾਰ ਦੀ ਤਲਾਸ਼ ਲਈ ਅੱਗੇ ਵਧੀ,ਦੋ ਤਿੰਨ ਥਾਵਾਂ ਉਤੇ ਹੋਰ ਇਸੇ ਤਰ੍ਹਾਂ ਹੀ ਮਿੱਠਾ ਮਿੱਠਾ ਸੰਗੀਤ ਪੈਦਾ ਕਰਦਾ ਹੋਇਆ ਪਾਣੀ ਸਰੋਵਰ ਵਿਚ ਮਿਲ ਰਿਹਾ ਸੀ।

ਅਨੰਦ ਮਈ ਤਰੰਗਾਂ ਵਿਚ ਲਹਿਰਦੀ ਹੋਈ ਉਹ ਚੌਥੀ ਚੋਟੀ ਕੋਲ ਜਾ ਪਹੁੰਚੀ।ਸਰੋਵਰ ਦੇ ਕੰਢੇ ਇਕ ਛੇ ਕੁ ਫੁੱਟ ਲੰਬਾ ਲੱਕੜੀ ਦਾ ਫੱਟਾ ਕਿਸ਼ਤੀ ਵਾਂਗੂੰ ਸਰੋਵਰ ਦੇ ਪਾਣੀ ਵਿਚ ਪਿਆ ਸੀ।ਉਹ ਉਸ ਉਤੇ ਜਾ ਕੇ ਬੈਠ ਗਈ।

ਗ੍ਰੰਥੀ ਸਿੰਘ ਗੁਰਦੁਆਰੇ ਤੋਂ ਬਾਹਰ ਨਿਕਲਿਆ।ਦੂਰੋਂ ਹੀ ਉਸ ਨੇ ਸਰੋਵਰ ਦੇ ਕੰਢੇ ਖੜ੍ਹੇ ਹੋ ਕੇ ਉਸਨੂੰ ਫੱਟੇ ਉਤੇ ਬੈਠੀ ਨੂੰ ਦੇਖਿਆ ਤੇ ਫਿਰ ਘੋੜੇ ਵਾਲੇ ਨਾਲ ਕੁਝ ਦੇਰ ਗੱਲਾਂ ਕਰਕੇ ਅੰਦਰ ਚਲੇ ਗਿਆ।ਘੋੜੇ ਵਾਲੇ ਨੇ ਬੀਬੀ ਨੂੰ ਵਾਪਿਸ ਜਾਣ ਦਾ ਇਸ਼ਾਰਾ ਕੀਤਾ ਪਰ ਉਸ ਨੇ ਕੁਝ ਦੇਰ ਹੋਰ ਰੁਕਣ ਦਾ ਇਸ਼ਾਰਾ ਕਰ ਦਿੱਤਾ।ਘੋੜੇ ਵਾਲੇ ਤੋਂ ਧਿਆਨ ਹਟਾ ਕੇ ਉਸ ਦੀਆਂ ਨਜਰਾਂ ਦੁਬਾਰਾ ਸਰੋਵਰ ਦੀਆਂ ਲਹਿਰਾਂ ਉਤੇ ਤਰਨ ਲਗੀਆਂ।

ਚੌਥੀ ਚੋਟੀ ਦੇ ਧੁਰ ਉਪਰੋਂ ਸਰੋਵਰ ਦੇ ਅੰਮ੍ਰਿਤ ਜਲ ਵਿਚ ਕਿਰ ਰਹੀਆਂ ਝਰਨਿਆਂ ਦੀਆਂ ਲੜੀਆਂ ਦੇ ਅਨਹਦੀ ਸੰਗੀਤ ਦੀ ਮਿੱਠੀ ਗੂੰਜ ਨੇ ਉਸ ਦਾ ਧਿਆਨ ਆਪਣੀ ਵਲ ਖਿਚਿਆ।ਐਨੀ

ਉਚਾਈ ਤੋਂ ਆ ਰਹੇ ਪਾਣੀ ਦਾ ਸਰੋਵਰ ਦੇ ਪਾਣੀ ਵਿਚ ਡਿਗਣ ਦਾ ਅਲੌਕਿਕ ਨਜ਼ਾਰਾ ਦੇਖਦਿਆਂ ਹੀ ਉਸਦੀ ਸੁਰਤੀ ਇਲਾਹੀ ਮੰਡਲਾਂ ਵਿਚ ਜਾ ਪਹੁੰਚੀ।ਅੱਜ ਪਹਿਲੀ ਵਾਰ ਉਸ ਨੂੰ " ਗਾਵਹਿ ਤੁਹਨੋ ਪਉਣ ਪਾਣੀ ਬੈਸੰਤਰ॥ " ਦੇ ਅਰਥਾਂ ਦੀ ਸਮਝ ਆਈ।ਉਸਨੂੰ ਝਰਨਿਆਂ ਦੇ ਮੂਹੋਂ 'ਕੁਦਰਤ ਵੱਸਿਆ' ਦਾ ਗੀਤ ਸੁਣਨ ਦਾ ਅਨੁਭਵ ਹੋਇਆ ਤੇ ਉਸਦਾ ਰੋਮ ਰੋਮ ਉਸ ਅਨਹਦੀ ਸੰਗੀਤ ਨਾਲ ਰਸ ਗਿਆ।ਬੁੱਤ ਬਣ ਕੇ ਬੈਠੀ ਨੂੰ ਸਮੇ ਦਾ ਪਤਾ ਹੀ ਨਾ ਲੱਗਿਆ।ਦਿਨ ਢਲ ਗਿਆ।ਘੋੜੇ ਵਾਲੇ ਨੇ ਕੋਲ ਆ ਕੇ ਹਨੇਰਾ ਪੈਣ ਤੋਂ ਪਹਿਲੇ ਗੋਬਿੰਦ ਧਾਮ ਪਹੁੰਚਣ ਦੀ ਚਿਤਾਵਨੀ ਦਿੱਤੀ।ਤਾਂ ਜਿਵੇਂ ਉਸਦੀ ਨੀਂਦ ਖੁਲ੍ਹੀ ਹੋਵੇ..! ਉਹ ਉਠੀ ਤੇ ਚੁਪ ਕਰਕੇ ਤੁਰ ਪਈ।

ਇਕ ਦਿਨ ਫਿਰ,ਉਹ ਸਵੇਰੇ ਸਵੇਰੇ ਹੀ ਹੇਮ ਕੁੰਟ ਸਾਹਿਬ ਪਹੁੰਚ ਕੇ ਉਸੇ ਫੱਟੇ ਉਤੇ ਜਾ ਬੈਠੀ। ਧੁਰ ਉਪਰੋਂ ਡਿਗ ਰਹੀਆਂ ਝਰਨਿਆਂ ਦੀਆਂ ਲੜੀਆਂ ਦੇ ਸੰਗੀਤ ਦੀ ਮਿੱਠੀ ਗੂੰਜ ਵਿਚੋਂ ਉਸ ਨੇ '**ਵਾਹਿਗੁਰੂ**' ਨਾਮ ਦੀ ਗੂੰਜ ਪੈਂਦੀ ਸੁਣੀ ਤੇ ਉਹ ਭਿੱਜ ਗਈ ਸਾਰੀ ਦੀ ਸਾਰੀ ਹੀ ਨਾਮ-ਰਸ ਦੀਆਂ ਫੁਹਾਰਾਂ ਵਿਚ....।ਲੀਨ ਹੋ ਗਈ...! ਅਖੀਆਂ ਮੀਟੀ ਬੈਠੀ ਰਹੀ,ਉਥੇ ਹੀ ..!

ਅੱਖ ਖੁਲ੍ਹੀ ਤਾਂ ਉਸ ਨੇ ਦੇਖਿਆ,ਉਥੇ ਪਏ ਪੱਥਰਾਂ ਉਤੇ ਇਕ ਬਹੁਤ ਸੋਹਣਾ ਚਮਕੀਲੇ ਪਰਾਂ ਵਾਲਾ ਪੰਛੀ ਉੜਿਆ ਫਿਰਦਾ ਸੀ।ਚਿੜੀ ਨਾਲੋਂ ਵੱਡਾ ਪਰ ਚਿੜੀ ਵਾਗੂੰ ਚੁਸਤ-ਫੁਰਤ।ਸ਼ਕਲ ਸੂਰਤ ਵੀ ਚਿੜੀਆਂ ਵਰਗੀ ਹੀ। ਉਸਨੂੰ ਯਾਦ ਆਇਆ ਕਿ ਇਕ ਦਿਨ ਪਹਿਲਾਂ ਗੋਬਿੰਦ ਧਾਮ ਵਿਖੇ ਉਹ ਇਕ ਬਜ਼ੁਰਗ(ਹੇਮ ਕੁੰਟ ਸਾਹਿਬ ਤੋਂ ਨੇੜੇ ਦੇ ਪਿੰਡ ਦਾ ਵਸਨੀਕ ਬਾਬਾ ਨੰਦਾ ਸਿੰਘ) ਨੂੰ ਮਿਲੀ ਸੀ,ਜਿਸਨੇ ਬਚਪਨ ਵਿਚ ਹੀ,ਹੇਮਕੁੰਟ ਸਾਹਿਬ ਦੀ ਉਸ ਸਮੇਂ ਸੇਵਾ ਕੀਤੀ ਸੀ ਜਦੋਂ ਇਸ ਸਥਾਨ ਨੂੰ ਲੱਭਿਆ ਹੀ ਸੀ ਅਤੇ ਭਾਈ ਵੀਰ ਸਿੰਘ ਅਤੇ ਹੋਰ ਸੰਗਤਾਂ ਦੇ ਉਦਮ ਨਾਲ ਇਕ ਛੋਟਾ ਜਿਹਾ ਕਮਰਾ ਬਣਾ ਕੇ ਗੁਰਦਵਾਰਾ ਸਥਾਪਤ ਕੀਤਾ ਸੀ।ਹੇਮਕੁੰਟ ਸਾਹਿਬ ਦੀਆਂ ਖਾਸ ਖਾਸ ਗੱਲਾਂ ਦਸਦੇ ਹੋਏ ਉਸਨੇ ਕਿਹਾ ਸੀ ਕਿ ਜਦੋਂ ਬਰਫ ਪਿਘਲ ਜਾਂਦੀ ਹੈ ਤਾਂ ਇਹ ਚਿੜੀਆਂ ਸਰੋਵਰ ਵਿਚ ਪਏ ਕੱਖ,ਤੀਲ੍ਹੇ ਆਪਣੀਆਂ ਚੁੰਜਾਂ ਨਾਲ ਚੁਕ ਕੇ ਸਰੋਵਰ ਤੋਂ ਦੂਰ ਸੁੱਟ ਆਉਂਦੀਆਂ ਹਨ ਅਤੇ ਸਰੋਵਰ ਨੂੰ ਬਿਲਕੁਲ ਸਾਫ-ਸੁਥਰਾ ਕਰ ਦਿੰਦੀਆਂ ਹਨ।ਉਹ ਬਜੁਰਗ ਇਹਨਾਂ ਚਿੜੀਆਂ ਨੂੰ 'ਸੇਵਕਾਵਾਂ' ਕਹਿੰਦਾ ਸੀ।ਸੁੰਦਰਤਾ ਦੀ ਦੇਵੀ ਨੇ ਸੁੰਦਰਤਾ ਦੇ ਖਜ਼ਾਨਿਆਂ ਵਿਚ ਰਹਿਣ ਵਾਲੀਆਂ ਇਹਨਾਂ ਸੇਵਕਾਵਾਂ ਦੀ ਉਚੀ ਸੁੱਚੀ ਸੇਵਾ ਦੇਖ ਕੇ ਹੀ ਸ਼ਾਇਦ ਇੰਨ੍ਹਾਂ ਦੇ ਖੰਭਾਂ ਉਤੇ ਕਾਰੀਗਰੀ ਦਾ ਸੁੰਦਰ ਨਮੂਨਾ ਚਿਤਰਿਆ ਹੋਵੇਗਾ।



ਸਪਤਸ੍ਰਿੰਗ ਅਤੇ ਹੋਰ ਸੈਂਕੜੇ ਪਹਾੜ ਮਾਨੋ ਇਕਾਗਰ ਚਿੱਤ ਅਡੋਲ ਸਮਾਧੀ-ਲੀਨ ਹੋਏ ਬੈਠੇ ਸਨ।ਐਨੀ ਸੋਹਣੀ ਚੁੱਪ ਹੋਰ ਕਿਧਰੇ ਨਹੀਂ ਮਿਲ ਸਕਦੀ।ਦੂਰ ਦੂਰ ਤੱਕ ਪਸਰੀ ਲੰਬੀ ਚੁੱਪ ਸਮਾਧੀ-ਲੀਨ ਅਵੱਸਥਾ ਦਾ ਖਾਸ ਰੰਗ ਦਰਸਾ ਰਹੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਬੈਠ ਕੇ ਸੁਖਮਣੀ ਸਾਹਿਬ ਦਾ ਪਾਠ ਕਰਨ ਪਿਛੋਂ ਉਸਦੀ ਸਾਥਣ ਨੇ ਆ ਕੇ ਵਾਪਿਸ ਜਾਣ ਲਈ ਕਿਹਾ ਤੇ ਉਹ ਦੋਨੋ ਤੁਰ ਪਈਆਂ। ਸ੍ਰੀ ਹੇਮਕੁੰਟ ਸਾਹਿਬ ਤੋਂ ਵਾਪਸ ਗੋਬਿੰਦ ਧਾਮ ਪਹੁੰਚ ਕੇ ਖਬਰ ਸੁਣੀ ਕਿ ਕਲ੍ਹ ਸਵੇਰੇ ਯਾਤਰੂਆਂ ਦੇ ਵਾਪਿਸ ਜਾਣ ਲਈ ਰਸਤੇ ਖੁਲ੍ਹ ਗਏ ਹਨ।ਹਰ ਪਾਸੇ ਖੁਸ਼ੀ ਦੀ ਲਹਿਰ ਸੀ।ਸਵੇਰੇ ਜਾਣ ਦੀ ਤਿਆਰੀ ਕਰਕੇ ਉਸਦੀਆਂ ਸਾਥਣਾਂ ਤਾਂ ਆਪੋ ਆਪਣੇ ਬਿਸਤਰਿਆਂ ਵਿਚ ਜਾ ਪਈਆਂ ਪਰ ਉਸ ਨੂੰ ਸੱਚੇ ਪਾਤਿਸ਼ਾਹ ਦੇ ਪ੍ਰੇਮ ਦਾ ਨਿੱਘ ਲੰਗਰ ਵਲ ਖਿੱਚ ਕੇ ਲੈ ਗਿਆ।ਲੰਗਰ ਦੇ ਇਕ ਪਾਸੇ ਖੁਲ੍ਹੇ ਅੰਬਰ ਦੀ ਛੱਤ ਥੱਲੇ,ਲੰਬੇ ਭਾਰੇ ਦਰਖਤਾਂ ਕੋਲ ਬਰਤਣ ਸਾਫ ਕਰਨ ਦੀ ਥਾਂ ਬਣੀ ਹੋਈ ਸੀ।ਬਰਫ ਵਰਗੇ ਠੰਡੇ ਪਾਣੀ ਨਾਲ ਉਹ ਬਰਤਣ ਸਾਫ ਕਰਨ ਲਗ ਪਈ।ਠੰਡ ਨਾਲ ਹੱਥ ਸੁੰਨ ਹੋਈ ਜਾ ਰਹੇ ਸੀ ਪਰ ਉਸਦੇ ਅੰਦਰ ਭਖਦੀ ਸਤਿਗੁਰੂ-ਪ੍ਰੇਮ ਦੀ ਚੰਗਿਆੜੀ ਉਸਨੂੰ ਸੇਵਾ ਕਰਨ ਲਈ ਉਤਸ਼ਾਹਿਤ ਕਰੀ ਜਾ ਰਹੀ ਸੀ।

ਕ੍ਰਿਸ਼ਮਿਆਂ ਦੀ ਧਰਤੀ ਉਤੇ,ਕੋਈ ਮਿੱਠੇ ਸੁਰ ਗੰਧਰਵਾਂ ਦੇ ਦੇਸ਼ ਤੋਂ ਆਏ ਅਤੇ ਉਸ ਬੀਬੀ ਦੇ ਗਲੇ ਵਿਚ ਉਤਰ ਕੇ ਤਾਰੀਆਂ ਲਾਉਂਦੇ ਹੋਏ ਨਾਮ ਸਿਮਰਨ ਕਰਵਾਉਣ ਲਗੇ।ਉਸਦੇ ਮੂੰਹੋਂ ਵਾਹਿਗੁਰੂ ਨਾਮ ਦੀ ਧੁਨੀ ਸ਼ੁਰੂ ਹੋ ਗਈ।ਹੱਥਾਂ ਨਾਲ ਬਰਤਣਾਂ ਦੀ ਸੇਵਾ ਕਰੀ ਜਾਵੇ ਅਤੇ ਮੂੰਹੋਂ ਵਾਹਿਗੁਰੂ ਨਾਮ ਦਾ ਉਚਾਰਣ ਕਰੀ ਜਾਵੇ। ਉਸਦੇ ਮਨ ਵਿਚ ਖਿਆਲ ਅਇਆ ਕਿ ਸਾਰੇ ਬਰਤਣਾਂ ਦੀ ਸੇਵਾ ਉਹ ਇਕੱਲੀ ਹੀ ਕਰੇਗੀ ਪਰ ਇਕ ਵੀਹ ਕੁ ਸਾਲ ਦਾ ਲੜਕਾ ਉਸ ਦੇ ਕੋਲ ਆ ਕੇ ਖੜ੍ਹ ਗਿਆ ਅਤੇ ਉਹ ਵੀ ਬਰਤਣ ਸਾਫ ਕਰਨ ਲੱਗ ਪਿਆ।ਉਹ ਚਾਹੁੰਦੀ ਸੀ ਕਿ ਲੜਕਾ ਚਲੇ ਜਾਵੇ ਕਿਉਂਕਿ ਉਹ ਇਕੱਲੀ ਹੀ ਸੇਵਾ ਦਾ ਲਾਹਾ ਲੈਣਾ ਚਾਹੁੰਦੀ ਸੀ ਪਰ ਲੜਕੇ ਨੂੰ ਹਟਾਉਣ ਦਾ ਵੀ ਹੋਂਸਲਾ ਨਾ ਪਵੇ।ਇਸੇ ਖਿਆਲ ਕਾਰਨ ਹੀ ਉਸਦੇ '**ਵਾਹਿਗੁਰੂ**' ਉਚਾਰਣ ਵਿਚ ਰੁਕਾਵਟ ਪੈ ਗਈ।ਲੜਕਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰ ਵਿਚ ਗੜੂੰਦ ਹੋਇਆ ਆਪਣੇ ਰਸੀਲੇ ਗਲੇ ਨਾਲ ਗਾਉਣ ਲੱਗ ਪਿਆ "ਦਾਮ ਤੋ ਨਾ ਦੇ ਸਕੂੰ...ਭੇਟਾ ਮੰਜ਼ੂਰ ਕਰੋ...ਸੁਣ ਦਇਆ ਸਿੰਘ...ਜੋ ਜੋ ਭੇਟ ਮੈਂ ਚੜਾਉਂਗਾ"।ਨਾਲੇ ਬਰਤਣ ਧੋਈ ਜਾਵੇ ਅਤੇ ਨਾਲੇ ਸਤਿਗੁਰੂ ਨੂੰ ਯਾਦ ਕਰਕੇ ਉਸਦੀਆਂ ਪੰਥ ਲਈ ਕੀਤੀਆਂ ਕੁਰਬਾਨੀਆਂ ਅਤੇ ਭੇਟਾਵਾਂ ਯਾਦ ਕਰਕੇ ਗਾਈ ਜਾਵੇ।ਉਸ ਰੰਗੀ ਰੂਹ ਨੂੰ ਦੇਖ ਕੇ ਉਸ ਬੀਬੀ ਦਾ ਮਨ ਪੂਰੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਨਾਲ ਜਾ ਜੁੜ ਗਿਆ।ਲੜਕੇ ਦਾ ਗੀਤ ਕੰਨਾਂ ਵਿਚ ਮਿੱਠਾ ਰਸ ਘੋਲ ਰਿਹਾ ਸੀ।ਪਰ ਲੜਕੇ ਦੇ ਕਪੜਿਆਂ ਉਤੇ ਪਾਣੀ ਦੇ ਛਿੱਟੇ ਪੈਂਦੇ ਦੇਖ ਉਸਨੂੰ ਬਰਤਣਾ ਦੀ ਸੇਵਾ ਇਕੱਲਿਆਂ ਕਰਨ ਦਾ ਖਿਆਲ ਅਇਆ।ਉਹ ਕਹਿਣ ਲੱਗੀ "ਤੁਸੀਂ ਰਹਿਣ ਦਿਓ, ਮੈਂ ਸੇਵਾ ਕਰਦੀ ਪਈ ਹਾਂ, ਤੁਹਾਡੇ ਕਪੜੇ ਭਿੱਜ ਜਾਣਗੇ"।ਇਹ ਗੱਲ ਸੁਣ ਲੜਕਾ ਮੁਸਕਰਾਇਆ ਅਤੇ ਭਿੱਜੀਆਂ ਹੋਈਆਂ ਗਹਿਰੀਆਂ ਅੱਖੀਆਂ ਨਾਲ ਉਸਨੂੰ ਕੁਝ ਸਮਝਾਉਂਦਾ ਹੋਇਆ ਕਹਿੰਦਾ,"ਇੱਥੇ ਭਿੱਜਣ ਹੀ ਤਾਂ ਆਏ ਹਾਂ" ਅਤੇ ਉਹ ਆਪਣੇ ਤਨ ਮਨ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਰੰਗ ਵਿਚ ਭਿਉਂਣ ਲਈ ਉਸੇ ਤਰ੍ਹਾਂ

ਹੀ ਬਰਤਣ ਧੋਂਦਾ ਰਿਹਾ ਤੇ ਗਾਉਂਦਾ ਰਿਹਾ।ਉਸਦੀਆਂ ਭਿੱਜੀਆਂ ਅੱਖੀਆਂ ਦੇ ਜਾਦੂ ਨੇ ਉਸ ਔਰਤ ਨੂੰ ਵੀ ਭਿਓਂ ਦਿੱਤਾ...ਰੂਹ ਦੀਆਂ ਗਹਿਰਾਈਆਂ ਤਕ....।ਜਨਮਾਂ ਜਨਮਾਂ ਦਾ ਸੋਕਾ ਉਸ ਮਿੱਠ-ਬੋਲੜੇ ਦੇ ਸੁਰਾਂ ਦੀ ਬੁਛਾੜ ਨਾਲ ਹਰਿਆਵਲ ਵਿੱਚ ਬਦਲ ਗਿਆ ਤੇ ਉਹ ਘਿਰ ਗਈ ਪ੍ਰੇਮ ਘਟਾਵਾਂ ਦੀਆਂ ਘੇਰਾਂ ਵਿਚ...ਡੁੱਲ੍ਹਣ ਲੱਗੀ ਅੱਖੀਆਂ ਦੇ ਮਘੋਰਿਆਂ ਥਾਣੀ। ਤਦ ਬਰਤਣਾ ਦੀ ਸੇਵਾ ਦਾ ਲਾਹਾ ਲੈਣਾ ਉਸਨੂੰ ਭੁੱਲ ਗਿਆ ਅਤੇ ਉਹ ਉਸ ਲੜਕੇ ਦੇ ਮਿੱਠੇ ਸੁਰਾਂ ਰਾਹੀਂ ਸਰਬੰਸ ਦਾਨੀ ਦੀਆਂ ਯਾਦਾਂ ਵਿਚ ਲੀਨ ਹੋਣ ਦਾ ਲਾਹਾ ਲੈਣ ਲੱਗੀ।ਧੁਰ ਅੰਦਰੋਂ ਭਿਜਿਆ ਹੋਇਆ ਲੜਕਾ... ਆਪਣੀਆਂ ਭਿਜੀਆਂ ਅੱਖੀਆਂ ਅਤੇ ਭਿੱਜੇ ਸੁਰਾਂ ਰਾਹੀਂ ਉਸਨੂੰ ਗੁਰੂ ਦੇ ਪ੍ਰੇਮ-ਰਸ ਵਿਚ ਭਿੱਜਣ ਦਾ ਅਨੁਭਵ ਕਰਾ ਕੇ ਪਤਾ ਨਹੀਂ ਕਿਥੇ ਚਲਾ ਗਿਆ।ਫਿਰ ਕਿਧਰੇ ਨਜ਼ਰੀਂ ਨਾ ਆਇਆ।ਕਹਿੰਦੇ ਹਨ ਕਿ ਸ਼ਹੀਦ ਸਿੰਘ ਵੀ ਕਈ ਵਾਰੀ ਲੰਗਰ ਵਿਚ ਸੇਵਾ ਕਰਨ ਵਾਲਿਆਂ ਨਾਲ ਗੱਲਾਂ ਕਰਨ ਲਈ ਅਲੱਗ ਅਲੱਗ ਭੇਸਾਂ ਵਿਚ ਆ ਹਾਜ਼ਰ ਹੁੰਦੇ ਹਨ।ਹੋ ਸਕਦਾ ਹੈ ਉਹ ਲੜਕਾ ਵੀ ਕੋਈ ਸ਼ਹੀਦ ਸਿੰਘ ਹੀ ਹੋਵੇ ਜੋ ਉਸ ਔਰਤ ਨੂੰ ਪ੍ਰੇਮ-ਰਸ ਵਿਚ ਭਿੱਜ ਕੇ ਰਹਿਣ ਦਾ ਸਨੇਹਾ ਦੇਣ ਆਇਆ ਹੋਵੇ।

ਦੂਜੇ ਦਿਨ ਵਾਹਿਗੁਰੂ ਦਾ ਸ਼ੁਕਰ ਮਨਾਉਂਦੇ ਹੋਏ ਯਾਤਰੂ ਆਪੋ ਆਪਣੇ ਠਿਕਾਣਿਆਂ ਨੂੰ ਤੁਰ ਪਏ।ਪਰ ਰਸਤੇ ਵਿਚ ਵਾਪਰਨ ਵਾਲੀਆਂ 'ਬਦਲਾ ਲਓ'ਘਟਨਾਵਾਂ ਤੋਂ ਹਰ ਕੋਈ ਸੁਚੇਤ ਸੀ।ਗੋਬਿੰਦ ਘਾਟ ਤੱਕ ਤਾਂ ਠੀਕ ਹੀ ਰਿਹਾ ਪਰ ਅੱਗੇ ਜਾ ਕੇ ਸਿੱਖ ਯਾਤਰੂਆਂ ਦੀਆਂ ਬੱਸਾਂ ਉਤੇ ਪੱਥਰ ਵਰ੍ਹਾਉਣ ਵਾਲਿਆਂ ਨੇ ਕੋਈ ਕਸਰ ਨਾ ਛੱਡੀ।ਪੁਲੀਸ ਵੀ ਉਥੇ ਹੀ ਘੁੰਮਦੀ ਫਿਰਦੀ ਸੀ।ਪੱਥਰ ਖਿੜਕੀਆਂ ਦੇ ਸ਼ੀਸ਼ੇ ਤੋੜ ਕੇ ਬੱਸਾਂ ਵਿਚ ਡਿਗੇ ਤੇ ਸ਼ੀਸ਼ੇ ਕਿਰਚਾਂ ਕਿਰਚਾਂ ਹੋ ਕੇ ਯਾਤਰੂਆਂ ਉਤੇ ਡਿਗੇ।ਯਾਤਰੂਆਂ ਦੇ ਕੱਪੜੇ ਸ਼ੀਸ਼ਿਆਂ ਦੇ ਟੁਕੜਿਆਂ ਨਾਲ ਭਰੇ ਹੋਏ ਸਨ।ਬੱਸਾਂ ਦੇ ਅੰਦਰ ਪੱਥਰ ਅਤੇ ਸ਼ੀਸ਼ਾ ਹੀ ਸ਼ੀਸ਼ਾ ਖਿਲਰਿਆ ਪਿਆ ਸੀ।ਜਿਸ ਹਿਸਾਬ ਨਾਲ ਪੱਥਰਾਓ ਕੀਤਾ ਗਿਆ ਸੀ ਉਸ ਹਿਸਾਬ ਨਾਲ ਤਾਂ ਯਾਤਰੂਆਂ ਦਾ ਲਹੂ-ਲੁਹਾਣ ਹੋ ਜਾਣਾ ਯਕੀਨੀ ਸੀ ਪਰ ਹੈਰਾਨਗੀ ਦੀ ਗੱਲ ਹੈ ਕਿ ਕਿਸੇ ਯਾਤਰੂ ਦੇ ਝਰੀਟ ਤੱਕ ਵੀ ਨਾ ਆਈ।

ਸਰਕਾਰੀ ਛਤਰ ਛਾਇਆ ਹੇਠ ਕਈ ਥਾਵਾਂ ਉਤੇ ਬੱਸਾਂ ਰੁਕੀਆਂ ਅਤੇ ਕਈ ਥਾਵਾਂ ਉਤੇ ਬੱਸਾਂ ਬਦਲਣੀਆਂ ਪਈਆਂ।ਦੋ ਥਾਵਾਂ ਉਤੇ ਜੰਗਲੀ ਰਸਤੇ ਵਿਚ ਕੁਝ ਦੇਰ ਰੁਕ ਕੇ ਮਿੰਨੀ ਬੱਸ ਵਿਚ ਜਾਣਾ ਪਿਆ।ਭੁੱਖ ਪਿਆਸ ਸਹਿਣੀ ਪਈ।ਅਖੀਰ ਰਿਖੀ ਕੇਸ਼ ਪਹੁੰਚ ਕੇ ਥੋੜ੍ਹਾ ਚੈਨ ਆਇਆ।

ਘਰ ਪਹੁੰਚ ਕੇ ਵੀ ਬਲਦੀ ਅੱਗ ਵਿਚੋਂ ਬਚਾਉਣ ਵਾਲੇ ਦੇ ਬਖਸ਼ੇ ਸਵਰਗਾਂ ਦੇ ਝੂਟਿਆਂ ਦੀ ਯਾਦ ਆਉਂਦੀ ਰਹੀ ਤੇ ਨਾਲ ਹੀ ਉਸ ਲੜਕੇ ਦੀ ਕਹੀ ਹੋਈ ਗੱਲ ਹਮੇਸ਼ਾਂ ਉਸਦੇ ਕੰਨਾਂ ਵਿਚ ਗੂੰਜਦੀ ਰਹਿੰਦੀ,"**ਇਥੇ ਭਿੱਜਣ ਹੀ ਤਾਂ ਆਏ ਹਾਂ**"।

# ਬ੍ਰਹਮੰਡੀ ਊਰਜਾ ਦਾ ਹੜ੍ਹ

ਰੂਹਾਨੀ ਵਿਦਿਆ ਦੀ ਮਾਹਿਰ,ਇਕ ਡਾਕਟਰ ਟੀ.ਵੀ.ਪ੍ਰੋਗਰਾਮ ਵਿਚ ਅੰਮ੍ਰਿਤ ਵੇਲੇ ਅਤੇ ਸੰਧਿਆਂ ਕਾਲ ਸਮੇ ਕੀਤੇ ਜਪ ਤਪ ਦੇ ਲਾਹੇ ਪ੍ਰਾਪਤ ਕਰਨ ਦੀ ਗਲ ਕਰਦੀ ਹੋਈ ਬੜੀ ਭਾਵੁਕ ਹੋ ਕੇ ਬ੍ਰਹਮੰਡੀ ਊਰਜਾ ਦੀ ਜਾਣਕਾਰੀ ਦੇ ਰਹੀ ਸੀ।ਉਹ ਦੱਸ ਰਹੀ ਸੀ ਕਿ ਰਾਤ ਅਤੇ ਦਿਨ ਦੇ ਮਿਲਾਪ ਸਮੇ ਬ੍ਰਹਮੰਡੀ ਊਰਜਾ ਦਾ ਹੜ੍ਹ ਆਇਆ ਹੋਇਆ ਹੁੰਦਾ ਹੈ।'ਊਰਜਾ ਦਾ ਹੜ੍ਹ' ਆਪ-ਮੁਹਾਰੇ ਉਸਦੇ ਮੂੰਹੋਂ ਵਾਰ ਵਾਰ ਨਿਕਲਦਾ।ਪਰ ਉਸ ਕੋਲ ਉਸ ਹੜ੍ਹ ਦੀ ਚਿੱਤ੍ਰ-ਰੇਖਾ ਉਲੀਕਣ ਲਈ ਕੋਈ ਸ਼ਬਦ ਨਹੀਂ ਸੀ।ਉਸ ਨੇ ਇਹ ਨਹੀਂ ਦੱਸਿਆ ਕਿ ਇਹ ਹੜ੍ਹ ਕਿੱਥੇ ਆਉਂਦਾ ਹੈ।ਧਰਤੀ ਉਤੇ ਆਉਂਦਾ ਹੈ ਜਾਂ ਅਸਮਾਨ ਵਿਚ ਆਉਂਦਾ ਹੈ।ਉਸਦੀਆਂ ਗੱਲਾਂ ਤੋਂ ਸੰਕੇਤ ਮਿਲ ਰਿਹਾ ਸੀ ਕਿ ਉਸ ਹੜ੍ਹ ਦਾ ਰਿਸ਼ਤਾ ਸਾਡੇ ਦਿਲਾਂ ਨਾਲ ਹੈ।ਦਿਨ ਤੇ ਰਾਤ ਦੇ ਸੁਮੇਲ ਨਾਲ ਹੈ।ਜਦੋਂ ਚਾਨਣ ਹਨੇਰੇ ਨੂੰ ਗਲੇ ਲਗਾਉਂਦਾ ਹੈ ਤਾਂ ਪਤਾ ਨਹੀਂ ਉਹ ਕਿਹੜੀਆਂ ਪ੍ਰੇਮ-ਕੰਬਣੀਆਂ ਛਿੜਦੀਆਂ ਹਨ ਜਿਨ੍ਹਾਂ ਦੀ ਥਰ-ਥਰਾਹਟ ਬ੍ਰਹਮੰਡੀ ਊਰਜਾ ਦਾ ਹੜ੍ਹ ਬਣ ਕੇ ਵਹਿਣ ਲੱਗ ਪੈਂਦੀ ਹੈ।ਉਸ ਵੇਲੇ ਕਣ ਕਣ ਵਿਚ ਹਰਕਤ ਆ ਜਾਂਦੀ ਹੈ।ਭਗਤਾਂ ਲਈ ਇਹ 'ਦੇਵਤਿਆਂ ਦਾ ਵੇਲਾ' ਹੁੰਦਾ ਹੈ।ਆਰਤੀਆਂ ਉਤਾਰਨ ਦਾ ਵੇਲਾ...।

ਅਨੰਤ ਕਾਲ ਤੋਂ,ਨਿਰੰਤਰ ਹੋ ਰਹੀ ਬਾਬੇ ਨਾਨਕ ਦੀ ਆਰਤੀ ਦੇ ਰੰਗ ਅੰਮ੍ਰਿਤ ਵੇਲੇ ਅਤੇ ਸੰਧਿਆ ਕਾਲ ਵਿਚ ਹੋਰ ਗੂੜ੍ਹੇ ਹੋ ਜਾਂਦੇ ਹਨ।ਗਗਨ ਰੂਪੀ ਥਾਲ ਵਿਚ ਰੰਗਾਂ ਦੇ ਮੇਲਾ ਲਗ ਜਾਂਦਾ ਹੈ।ਚੰਦ ਸੂਰਜ ਦੇ ਦੀਵੇ ਅਤੇ ਤਾਰਿਆਂ ਦੇ ਮੋਤੀਅ ਨਾਲ ਸਜੇ ਇਸ ਆਰਤੀ ਦੇ ਥਾਲ ਉਤੇ ਝੁੱਲ ਰਹੇ ਪਵਣ ਦੇ ਚੌਰ ਦੀ ਝੋਲ ਵਿਚੋਂ ਨਿਕਲਦੀਆਂ ਅਨਾਹਤ ਵਾਜੇ(ਭੇਰੀ)ਦੀਆਂ ਅਨਹਦੀ ਧੁਨੀਆਂ ਭਗਤੀ ਦੇ ਰੰਗਾਂ ਵਿਚ ਵਾਧਾ ਕਰਨ ਲਈ ਬ੍ਰਹਮੰਡੀ ਊਰਜਾ ਦਾ ਰੰਗ ਵਰ੍ਹਾਉਂਦੀਆਂ ਹਨ।

ਲਿਵ ਦੀਆਂ ਡੋਰਾਂ ਵਿਚ ਬੱਝ ਕੇ ਆਤਮਿਕ ਹੁਲਾਰਿਆਂ ਦਾ ਅਨੰਦ ਲੈਣ ਵਾਲੀ ਬੀਬੀ ਦੇ ਚੇਹਰੇ ਦੇ ਹਾਵ ਭਾਵ ਦੱਸ ਰਹੇ ਸੀ ਕਿ ਉਸਨੇ ਇਸ ਹੜ੍ਹ ਵਿਚ ਰੱਜ ਰੱਜ ਕੇ ਤਾਰੀਆਂ ਲਾਈਆਂ ਹੋਈਆਂ ਹਨ।ਆਪ ਹੀ ਨਹੀਂ ਸਗੋਂ ਦੂਜਿਆਂ ਨੂੰ ਵੀ ਆਪਣੇ ਮਜਬੂਤ ਹੱਥਾਂ ਦੀ ਪਕੜ ਵਿਚ ਲੈ ਕੇ ਇਸ ਹੜ੍ਹ

ਵਿਚ ਡੁਬਕੀਆਂ ਦੁਆ ਕੇ ਉਚ-ਮੰਡਲਾਂ ਦੇ ਰੰਗ-ਰਸ ਦੀ ਜਾਣ ਪਛਾਣ ਕਰਵਾਈ ਹੈ।ਊਰਜਾ ਦੇ ਹੜ੍ਹ ਵਿਚੋਂ ਚੂਲੀਆਂ ਭਰ ਭਰ ਦੁਖਿਆਰਿਆਂ ਦੇ ਸੱਲੜੇ ਜ਼ਖਮਾਂ ਉਤੇ ਡੋਲ੍ਹੀਆਂ ਅਤੇ ਉਨ੍ਹਾਂ ਨੂੰ ਹਰਿਆਂ ਭਰਿਆਂ ਕੀਤਾ।

ਰੂਹਾਨੀ ਰਾਹਾਂ ਦੇ ਪਾਂਧੀਆਂ ਮੂਹੋਂ ਨਿਕਲਦੀਆਂ ਗੱਲਾਂ ਸੱਚ ਦੇ ਤ੍ਰਿਹਾਇਆਂ ਦੇ ਦਿਲਾਂ ਉਤੇ ਸਿੱਧੀਆਂ ਟਕੋਰਾਂ ਮਾਰਦੀਆਂ ਹਨ।ਉਨ੍ਹਾਂ ਦੇ ਮਿੱਠੜੇ ਬੋਲ ਕੰਨਾਂ ਵਿਚ ਰਸ ਘੋਲ ਜਾਂਦੇ ਹਨ।ਰੰਗ-ਰੱਤੜੀਆਂ ਜਿੰਦਾਂ ਜਦੋਂ ਆਪਣੇ ਹੰਢਾਏ ਹੋਏ ਸੱਚ ਦੀਆਂ ਗੱਲਾਂ ਕਰਦੀਆਂ ਹਨ ਤਾਂ ਉਨ੍ਹਾਂ ਦੀਆਂ ਨਜ਼ਰਾਂ ਰਾਹੀਂ ਵਰ੍ਹਦੀਆਂ ਕਿਰਨਾ, ਉਨ੍ਹਾਂ ਰੰਗਾਂ ਦੀ ਬਰਸਾਤ ਲਗਾ ਦਿੰਦੀਆਂ ਹਨ,ਜਿਨ੍ਹਾਂ ਰੰਗਾਂ ਦਾ ਵਰਨਣ ਕਰਨ ਲਈ ਅੱਜ ਤੱਕ ਦੁਨੀਆਂ ਦੀ ਕਿਸੇ ਭਾਸ਼ਾ ਨੂੰ ਵੀ ਕੋਈ ਸ਼ਬਦ ਨਹੀਂ ਲੱਭਿਆ।ਗੂੰਗੇ ਦੀ ਮਠਿਆਈ ਖਾਣ ਵਾਂਗੂੰ ਕੁਝ ਬੋਲਿਆ ਤਾਂ ਨਹੀਂ ਜਾਂਦਾ ਪਰ ਇਲਾਹੀ ਰਸਾਂ ਦੇ ਸਵਾਦ-ਚਿਤੱਰ ਉਨ੍ਹਾਂ ਦੇ ਚੇਹਰਿਆਂ ਦੀਆਂ ਦਗ੍ਹ ਦਗ੍ਹ ਕਰਦੀਆਂ ਲਾਲੀਆਂ ਰਾਹੀਂ ਟਪਕ ਪੈਂਦੇ ਹਨ।ਨੂਰਾਨੀ ਰੰਗ-ਰਸ ਨਾਲ ਭਰੀਆਂ ਅੱਖੀਆਂ ਰਾਹੀਂ ਵਰ੍ਹਦੇ ਹਨ।

ਟੀ.ਵੀ.ਪ੍ਰੋਗਰਾਮ ਦੇਖਣ ਵਾਲੇ ਨੂੰ ਇਸ ਗੱਲ ਦਾ ਗਿਆਨ ਹੋ ਗਿਆ ਕਿ ਅੰਮ੍ਰਿਤ ਵੇਲੇ ਦੇ ਨਿਤ ਨੇਮ ਅਤੇ ਸ਼ਾਮ ਵੇਲੇ ਰਹਿਰਾਸ ਸਾਹਿਬ ਦੀ ਬਾਣੀ ਪੜ੍ਹਨ ਸਮੇ ਇਲਾਹੀ ਮੰਡਲ ਦੀਆਂ ਘਨਘੋਰ ਘਟਾਵਾਂ ਦੀਆਂ ਘੇਰਾਂ ਵਿਚ ਮਨ ਕਿਵੇਂ ਟਿਕ ਜਾਂਦਾ ਹੈ ਤੇ ਫਿਰ ਬਾਕੀ ਸਾਰਾ ਦਿਨ ਉਹ ਗੱਲ ਕਿਉਂ ਨਹੀਂ ਬਣਦੀ। ਉਸਨੂੰ ਬਚਪਨ ਤੋਂ ਹੀ ਚੜ੍ਹਦੇ ਅਤੇ ਲਹਿੰਦੇ ਸੂਰਜ ਦੀਆਂ ਲਾਲੀਆਂ ਦੇ ਰੰਗ ਮਾਨਣ ਦੀ ਆਦਤ ਸੀ।ਫਿਰ ਸਾਧੂ ਸੰਤਾਂ ਦੀ ਸੰਗਤ ਜੀਵਨ ਵਿਚ ਗੁਰਬਾਣੀ ਦੇ ਪ੍ਰੇਮ ਦਾ ਰਸ ਘਚੋਲਦੀ ਰਹੀ। ਭਾਈ ਵੀਰ ਸਿੰਘ ਜੀ ਦੀਆਂ ਲਿਖਤਾਂ ਨੇ ਕੁਦਰਤ ਵਿਚੋਂ ਕਾਦਰ ਦੇ ਰੰਗ ਦੇਖਣ ਦੀ ਲਗਨ ਲਗਾ ਦਿੱਤੀ, ਹੇਮ ਕੁੰਟ ਸਾਹਿਬ ਦੀ ਯਾਤਰਾ ਵਿਚੋਂ 'ਬਲਿਹਾਰੀ ਕੁਦਰਤਿ ਵਸਿਆ॥' ਦੇ ਅਨੁਭਵ ਨੇ ਜੀਵਨ ਵਿਚ ਨਵਾਂ ਰੰਗ ਭਰ ਦਿੱਤਾ ਤੇ ਅੱਜ ਘਰ ਬੈਠਿਆਂ ਹੀ ਟੀ.ਵੀ. ਪ੍ਰੋਗਰਾਮ ਦੇਖਦਿਆਂ 'ਬ੍ਰਹਮੰਡੀ ਊਰਜਾ ਦੇ ਹੜ੍ਹ' ਨੇ ਐਸੀ ਖਿੱਚ ਪਾਈ ਕਿ ਇਸ ਧਰਤੀ ਤੋਂ ਪਰ੍ਹੇ ਉਚ ਮੰਡਲਾਂ ਵਿਚੋਂ ਖਿੱਚਾਂ ਪਾਉਣ ਵਾਲੇ ਊਰਜਾ ਦੇ ਹੜ੍ਹ ਵਿਚ ਤਾਰੀਆਂ ਲਉਣ ਲਈ ਜੀਅ ਤਰਸਿਆ।ਦਿਲ ਕਰੇ ਕਿ ਟੀ.ਵੀ.ਅੱਗੇ ਹੀ ਸਮਾਧੀ ਲਗਾ ਕੇ ਬੈਠ ਜਾਵੇ ਤੇ ਧਿਆਨ ਦੀਆਂ ਡੋਰਾਂ ਕੱਸ ਕੇ ਅੰਮ੍ਰਿਤ ਵੇਲਾ ਹੋਣ ਤੋਂ ਪਹਿਲੇ ਹੀ ਜਾ ਵੜੇ ਬ੍ਰਹਮੰਡੀ ਊਰਜਾ ਦੇ ਹੜ੍ਹ ਵਿਚ..।ਪਰ ਦਿਨ ਭਰ ਦੇ ਕੰਮਾਂ ਕਾਰਾਂ ਦੀਆਂ ਜਿੰਮੇਵਾਰੀਆਂ ਅੱਗੇ ਕੋਈ ਪੇਸ਼ ਨਾ ਗਈ।ਬ੍ਰਹਮੰਡੀ ਊਰਜਾ ਦਾ ਹੜ੍ਹ ਉਸਦੇ ਅੰਤਸ਼-ਕਰਣ ਵਿਚ ਟਿਕ ਕੇ ਬੈਠ ਗਿਆ।

ਰਾਤ ਨੂੰ ਸੁਪਨੇ ਵਿਚ ਦੇਖਦਾ ਹੈ ਕਿ ਉਹ ਆਪਣੇ ਘਰ ਦੀ ਛੱਤ ਉਤੇ ਖੜ੍ਹਾ ਹੈ ਪਰ ਉਸਦਾ ਘਰ ਉਚ ਅਸਮਾਨੀ ਪਹੁੰਚਿਆ ਹੋਇਆ ਹੈ।ਉਪਰ ਅੱਤਿ ਸੋਹਣੇ ਪ੍ਰਕਾਸ਼ ਨਾਲ ਭਰਿਆ ਹੋਇਆ,ਬਹੁਤ ਵੱਡੇ ਅਕਾਰ ਵਾਲਾ ਅਕਾਸ਼ ਇਲਾਹੀ ਨੂਰ ਨਾਲ ਜਗ ਮਗਾ ਰਿਹਾ ਹੈ ਤੇ ਫਿਰ ਅਲੌਕਿਕ ਚਮਕ ਨਾਲ ਚਮਕਦਾ ਹੋਇਆ ਇਕ ਗ੍ਰਹਿ ਉਸਦੀਆਂ ਅਖੀਆਂ ਦੇ ਸਾਹਮਣੇ ਆਉਂਦਾ ਹੈ ਜੋ ਪੂਰਾ ਗੋਲ ਨਹੀਂ ਹੈ। ਇਕ ਪਾਸੇ ਤੋਂ ਉਸਦਾ ਇਕ ਹਿੱਸਾ ਥੋੜ੍ਹਾ ਜਿਹਾ ਉਭਰਿਆ ਹੋਇਆ ਦਿਖਾਈ ਦਿੰਦਾ ਹੈ।ਉਸਦੀ ਅੱਤਿ ਤਿੱਖੀ ਚਮਕ ਨਾਲ ਅਖੀਆਂ ਚੁੰਧਿਆਉਂਦੀਆਂ ਨਹੀਂ,ਸਗੋਂ ਇਕ ਬਹੁਤ ਸੁਖਾਵੀਂ ਚੈਨ ਦਾ ਅਨੁਭਵ

ਕਰਦੀਆਂ ਹਨ ਤੇ ਉਸਨੂੰ ਵਾਰ ਵਾਰ ਦੇਖਦੀਆਂ ਹਨ। ਗ੍ਰਹਿ ਨੂੰ ਵੀ ਜਿਵੇਂ ਅਖੀਆਂ ਲੱਗੀਆਂ ਹੋਈਆਂ ਹੋਣ...। ਉਹ ਵੀ ਜਿਵੇਂ ਆਪਣੀ ਜਾਣ ਪਛਾਣ ਕਰਵਾ ਰਿਹਾ ਹੋਵੇ..। ਕਿਸੇ ਬ੍ਰਹਮੰਡੀ ਰਿਸ਼ਤੇ ਦੀ ਖਿੱਚ ਦਾ ਅਹਿਸਾਸ ਕਰਵਾ ਰਿਹਾ ਸੀ। ਗ੍ਰਹਿ ਆਪਣੀ ਚਾਲੇ ਚਲਦਾ ਗਿਆ ਤੇ ਦੇਖਣ ਵਾਲੇ ਦੀਆਂ ਨਿਗਾਹਾਂ ਉਸਦੀ ਚਾਲ ਉਤੇ ਟਿਕੀਆਂ ਰਹੀਆਂ। ਉਹ ਵੀ ਉਸਦੇ ਨਾਲ ਨਾਲ ਚਲਦਾ ਗਿਆ। ਪਰ ਹੁਣ ਉਸਦੇ ਪੈਰਾਂ ਥੱਲੇ ਉਸਦੇ ਘਰ ਦੀ ਛੱਤ ਨਹੀਂ ਸੀ। ਉਹ ਆਪਣੇ ਨੂਰੀ ਗ੍ਰਹਿ ਦਾ ਸੰਗੀ ਸਾਥੀ ਬਣ ਕੇ ਖੁਲ੍ਹੇ ਅਸਮਾਨੀ ਤਾਰੀਆਂ ਲਗਾ ਰਿਹਾ ਸੀ। ਛੱਤ ਪਤਾ ਨਹੀਂ ਕਿੱਥੇ ਰਹਿ ਗਈ। ਥੋੜ੍ਹੀ ਦੇਰ ਪਿਛੋਂ ਉਸਨੇ ਦੇਖਿਆ ਕਿ ਪਹਿਲਾਂ ਤਾਂ ਗ੍ਰਹਿ ਇਕੱਲਾ ਹੀ ਸੀ ਪਰ ਹੁਣ ਗ੍ਰਹਿ ਦੇ ਆਲੇ ਦੁਆਲੇ ਇਕ ਦੁੱਧ-ਚਿੱਟੇ ਬੱਦਲਾਂ ਦੇ ਛੋਟੇ ਛੋਟੇ ਟੁਕੜਿਆਂ ਨਾਲ ਭਰਿਆ ਹੋਇਆ ਅਥਾਹ ਸਾਗਰ ਲਹਿਰਾ ਰਿਹਾ ਹੈ। ਸਾਗਰ ਦੀਆਂ ਲੰਬਾਈਆਂ ਚੁੜਾਈਆਂ ਬੇ-ਹਿਸਾਬੀਆਂ ਹਨ ਤੇ ਉਸ ਚਾਂਦੀ ਦੀ ਲਿਸ਼ਕੋਰ ਵਾਂਗੂੰ ਚਮਕਦੇ ਗ੍ਰਹਿ ਦੀਆਂ ਦੂਰੀਆਂ ਵੀ ਅਣ-ਮਿਣਵੀਆਂ ਹਨ। ਇਹ ਸਭ ਕੁਝ ਉਸਨੂੰ ਨੇੜੇ ਨੇੜੇ ਲੱਗੇ..! ਬਿਲਕੁਲ ਸਾਹਮਣੇ ਹੀ..!ਕੋਲ ਕੋਲ....!

ਸਾਗਰ ਦੀ ਚੁੰਬਕੀ ਖਿੱਚ ਆਪਣੇ ਵਲ ਖਿੱਚਣ ਲੱਗੀ। ਸੋਹਜ-ਸੁਖਾਵੀ ਚਾਲ ਚਲਦੀਆਂ ਲਹਿਰਾਂ ਦੀ ਚਾਲ ਵਿਚੋਂ ਨਾਮ ਸਿਮਰਨ ਦੀ ਰਵਾਨਗੀ ਸੁਣੀ। ਉਸਨੇ ਲੰਬੀ ਬਾਂਹ ਕਰਕੇ ਸਾਗਰ ਦੀਆਂ ਲਹਿਰਾਂ ਵਿਚ ਹੱਥ ਪਇਆ। ਹੈਂ....! ਇਥੇ ਪਾਣੀ ਤੇ ਹੈ ਹੀ ਨਹੀਂ...!ਇਥੇ ਤਾਂ ਨਿਰਾ ਨੂਰ ਹੀ ਨੂਰ ਹੈ...!ਉਸਦਾ ਹੱਥ ਗਿੱਲਾ ਨਹੀਂ ਹੋਇਆ। ਨੂਰ ਨਾਲ ਭਰ ਗਿਆ ਤੇ ਨਾਲ ਹੀ ਇਕ ਐਸਾ ਕਰੰਟ ਵੱਜਿਆ ਕਿ ਉਸਦੇ ਸਾਹਾਂ ਵਿਚ ਪਈ ਨਾਮ-ਰਸ ਦੀ ਪੀਂਘ ਉਤੇ ਸਿਮਰਨ ਦੇ ਤੇਜ ਹੁਲਾਰਿਆਂ ਨਾਲ ਉਸਦੀ ਜਾਗ ਖੁਲ੍ਹ ਗਈ। ਉਸਨੇ ਦੇਖਿਆ ਉਸਦਾ ਤਨ ਮਨ ਸਿੰਜਿਆ ਪਿਆ ਹੈ।

ਸੁਪਨਾ ਰੰਗ ਦਿਖਾ ਗਿਆ ਪਰ ਸਿਮਰਨ ਦਾ ਅਸਰ ਹਾਲੇ ਵੀ ਪੂਰੀ ਤਰ੍ਹਾਂ ਕਾਇਮ ਸੀ। ਇਕ ਵਾਰੀ ਅੱਖ ਖੁਲ੍ਹਣ ਦੇ ਪਿਛੋਂ ਉਸਨੇ ਸੁਪਨੇ ਦੇ ਰੰਗ-ਰਸ ਨੂੰ ਸੰਭਾਲਣ ਲਈ ਸੁਰਤੀ ਦੇ ਖੰਭਾਂ ਨੂੰ ਘੁੱਟ ਕੇ ਲਪੇਟ ਲਿਆ ਤੇ ਦੁਬਾਰਾ ਅਖੀਆਂ ਬੰਦ ਕਰਕੇ ਸਿਮਰਨ ਵਿਚ ਲੀਨ ਹੋ ਗਿਆ। ਪਤਾ ਹੀ ਨਾ ਲੱਗਿਆ ਕਿ ਕਿਹੜੇ ਵੇਲੇ ਅੰਮ੍ਰਿਤ ਵੇਲਾ ਬੀਤ ਗਿਆ। ਦਿਨ ਚੜ੍ਹ ਗਿਆ। ਨਿੱਤ ਦੇ ਰੁਝੇਵਿਆਂ ਨੇ ਉਸਨੂੰ ਬਿਸਤਰੇ ਤੋਂ ਉਠਾਇਆ ਪਰ ਉਹ ਤਾਂ ਲੜਖੜਾ ਰਿਹਾ ਸੀ। ਉਸਨੂੰ ਤਾਂ ਸਿਮਰਨ ਦੀ ਘੂਕੀ ਚੜ੍ਹੀ ਹੋਈ ਸੀ। ਖੜ੍ਹੇ ਖੜ੍ਹੇ ਦੀਆਂ ਵੀ ਅੱਖੀਆਂ ਬੰਦ ਹੋਈ ਜਾ ਰਹੀਆਂ ਸਨ।

**ਸੁਸ਼ੀਲ ਕੌਰ**

# ਦੋ ਸ਼ਬਦ

ਦਰਸਨੁ ਦੇਖਣੈ ਕਾ ਚਾਉ ਵਿਚ ਸੁਸ਼ੀਲ ਕੌਰ ਨੇ ਅੱਖਰਾਂ ਰਾਹੀਂ ਕੁਝ ਐਸੇ ਦ੍ਰਿਸ਼-ਚਿੱਤ੍ਰ ਪੇਸ਼ ਕੀਤੇ ਹਨ ਜਿਨ੍ਹਾਂ ਦੇ ਪੜ੍ਹਨ ਸੁਣਨ ਨਾਲ ਗੁਰਮੁੱਖ ਜੀਉੜਿਆਂ ਦੇ ਦਿਲਾਂ ਦੀਆਂ ਪ੍ਰੇਮ-ਤ੍ਰੰਗਾਂ ਵਿਚ ਵਾਧਾ ਹੁੰਦਾ ਹੈ ਤੇ ਪ੍ਰੇਮ-ਵਿਹੂਣੇਂ ਦਿਲਾਂ ਵਿਚ ਗੁਰੂ-ਪ੍ਰੇਮ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨ ਲਈ ਚਾਅ ਪੈਦਾ ਹੁੰਦਾ ਹੈ।

ਕਿਸੇ ਦੂਜੇ ਵਿਅਕਤੀ ਦੇ ਬਾਰੇ ਵਿਚ ਲਿਖਣ ਵੇਲੇ, ਲਿਖਣ ਵਾਲੇ ਨੂੰ ਦੂਜੇ ਦੀਆਂ ਅੰਤਰੀਵ-ਭਾਵਨਾਵਾਂ ਨੂੰ ਸਮਝਣ ਦੇ ਸਮਰੱਥ ਹੋਣਾ ਪੈਂਦਾ ਹੈ।ਸੁਸ਼ੀਲ ਕੌਰ ਨੇ ਬੀਬੀ ਗੁਰਦੀਪ ਕੌਰ ਜੀ ਦੇ ਜੀਵਨ ਦੇ ਰਾਜਨੀਤਕ ਪੱਖ ਨੂ ਬੜੀ ਸੂਰਮਤਾਈ ਨਾਲ ਉਲੀਕਿਆ ਹੈ,ਸਮਾਜਕ ਪੱਖ ਉਘਾੜਨ ਦਾ ਕੰਮ ਬੜੀ ਇਮਾਨਦਾਰੀ ਨਾਲ ਨਿਭਾਉਂ ਦਿਆਂ ਜਾਤ ਪਾਤ ਦਾ ਕ੍ਹੋੜ ਨੰਗਾ ਕੀਤਾ ਹੈ ਤੇ ਪ੍ਰੇਮਾਂ-ਭਗਤੀ ਦੇ ਦ੍ਰਿਸ਼-ਚਿਤਰਣ ਲਗਿਆਂ ਉਸ ਨੇ ਸ਼ਬਦਾਂ ਦਾ ਸੰਕੋਚ ਨਹੀਂ ਕੀਤਾ। ਸਗੋਂ ਬੀਬੀ ਜੀ ਦੀ ਮਨੋਂ-ਬ੍ਰਿਤੀ ਨਾਲ ਇਕ-ਸੁਰ ਹੋ ਕੇ, ਉਚ-ਮੰਡਲੀਂ ਉਡਾਰੀਆਂ ਮਾਰਦਿਆਂ ਬ੍ਰਿਹੋਂ-ਸੱਲੜੇ ਦਿਲ ਦੀ ਵੇਦਨਾਂ, ਡੂੰਘੀ ਮਾਨਸਿਕ ਪੀੜਾ ਤੇ ਪ੍ਰੀਤਮ ਮਿਲਾਪ ਦੀਆਂ ਅਤਿ-ਤੀਖਣ ਤਾਂਘਾਂ ਸ਼ਬਦਾਂ ਰਾਹੀਂ ਇਕ ਝਰਨੇਂ ਵਾਂਗੂੰ ਫੁਟ ਨਿਕਲੀਆਂ ਹਨ।

ਪ੍ਰੇਮ-ਵੈਰਾਗ ਦੇ ਹੰਝੂਆਂ ਵਿਚ ਭਿੱਜੀ ਕਾਵਿ ਮਈ ਸ਼ੈਲੀ ਵਿਚ ਬਿਰਹੋਂ ਗੀਤ ਅਲਾਪਦਿਆਂ ਉਸ ਨੇਂ ਬੀਬੀ ਜੀ ਦੀ ਹੇਕ ਨਾਲ ਹੇਕ ਮਿਲਾ ਕੇ ਬ੍ਰਿਹੋਂ-ਰਸ ਦੇ ਗਟਾਕ ਪੀਤੇ ਤੇ ਪਾਠਕਾਂ ਨੂੰ ਹਮਰਾਜ਼ ਬਣਾ ਕੇ ਇਸ ਮਿੱਠੜੇ ਰਸ ਨਾਲ ਮੂੰਹ ਮਿੱਠਾ ਕਰਨ ਲਈ ਸੱਦੇ ਦਿੱਤੇ ਹਨ।

ਕੁਦਰਤ ਦੇ ਰੰਗਾਂ ਦਾ ਡੂੰਘਾ ਅਸਰ ਕਬੂਲਿਆ ਹੈ। ਸਿਰਜਨਹਾਰੇ ਦੀ ਯਾਦ ਵਿਚ ਲੀਨ ਹੋ ਕੇ ਕਰਤਾ ਪੁਰਖ ਨੂੰ ਉਸ ਦੀ ਸਿਰਜਨਾਂ ਦੇ ਸ਼ੀਸ਼ੇ ਥਾਣੀ ਨਿਹਾਰਿਆ ਹੈ ਤੇ ਉਸ ਦੇ ਸੰਦੇਸ਼ ਸੁਣੇਂ ਹਨ। ਕੁਦਰਤੀ -ਦ੍ਰਿਸ਼-ਚਿਤ੍ਰਣ ਵੇਲੇ ਰੂਪ-ਰੰਗ-ਰਸ ਉਭਾਰਨ ਲਈ ਸ਼ਬਦਾਂ ਦੀ ਭਰਮਾਰ ਰਹੀ ਹੈ।

ਆਸ ਹੈ ਕਿ ਸੁਹਿਰਦ ਪਾਠਕ ਸੁਸ਼ੀਲ ਕੌਰ ਦੀ ਇਸ ਲਿਖਤ ਦਾ ਭਰਪੂਰ ਸੁਆਗਤ ਕਰਨਗੇ।

ਡਾ.ਗੁਰਵਿੰਦਰ ਕੌਰ

